ਸੂਖਤ ਦੇ ਭਲੇਦਾ

ਸੰਦੇਸ਼ ਦੇਣ

ਵਾਲੇ

ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਅਵਤਾਰ ਪੁਰਬ ਦੀ

ਸਭ ਨੂੰ

ਵਧਾਈ ਹੋਵੇ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com



ਆਪਿ ਨਰਾਇਣੁ ਕਲਾ ਧਾਰਿ

ਜਗ ਮਹਿ ਪਰਵਰਿਯਉ

ਗੁਰੂ ਨਾਨਕ ਆਮਦ ਨਰਾਇਨ ਸਰੂਪ

ਹੁਮਾਂਨਾ ਨਿਰੰਜਨਾ ਨਿਰੰਕਾਰ ਰੂਪ

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਕਬੀਰ ਜੀ ਲਿਖਦੇ ਹਨ

## ਬਾਜੀਗਰ ਡੰਕ ਬਜਾਈ ਸਭ ਖਲਕ ਤਮਾਸੇ ਆਈ
## ਬਾਜੀਗਰ ਸ੍ਵਾਂਗ ਸਕੇਲਾ ਅਪਨੇ ਰੰਗ ਰਵੈ ਅਕੇਲਾ

ਮਦਾਰੀ ਨੇ ਜਿਹੜੇ ਜਿਹੜੇ ਖੇਲ ਸਿੱਖੇ ਹੁੰਦੇ ਹਨ ਉਨ੍ਹਾਂ ਖੇਡਾਂ ਦਾ ਸਾਮਾਨ ਵੀ ਅਪਣੇ ਥੈਲੇ ਵਿਚ ਰਖਦਾ ਹੈ। ਤਮਾਸ਼ਾ ਕਰਨ ਤੋਂ ਪਹਿਲਾਂ ਡਉਰੂ ਵਜਾ ਕੇ ਲੋਕਾਂ ਨੂੰ ਇਕੱਠਿਆਂ ਕਰਦਾ ਹੈ ਫਿਰ ਥੈਲੇ ਵਿਚੋਂ ਸਾਮਾਨ ਕੱਢ ਕੇ ਟਿਕਾ ਲੈਂਦਾ ਹੈ। ਅਪਣੇ ਹੱਥ ਦੀ ਸਫਾਈ ਜਾਂ ਕਿਸੇ ਜਾਦੂ ਦੀ ਓਟ ਨਾਲ ਤਮਾਸ਼ਾ ਵਿਖਾ ਕੇ ਸਾਮਾਨ ਨੂੰ ਥੈਲੇ ਵਿਚ ਸੰਭਾਲ ਕੇ ਅਪਣੀ ਰਾਹ ਲੈਂਦਾ ਹੈ। ਇਸੇ ਤਰਾਂ ਅਕਾਲ ਪੁਰਖ ਨੇ ਵੀ ਅਪਣਾ ਦਿਲ ਬਹਿਲਾਉਣ ਲਈ ਅਤੇ ਖੇਡ ਖੇਡਣ ਲਈ ਇਹ ਸ੍ਰਿਸ਼ਟੀ ਰਚੀ, ਅਪਣੀ ਖੇਡ ਨੂੰ ਪੂਰਾ ਕਰਨ ਲਈ ਜਿਸ ਜਿਸ ਸਮੇਂ, ਜਿਸ ਜਿਸ ਜਗਾਹ ਅਤੇ ਜਿਹੜੇ ਜਿਹੜੇ ਜੀਵ ਦੀ ਲੋੜ ਹੁੰਦੀ ਹੈ ਪੈਦਾ ਕਰ ਦਿੰਦਾ ਹੈ ਅਤੇ ਜਦੋਂ ਅਪਣੀ ਖੇਡ ਨੂੰ ਸਮਾਪਤ ਕਰਨਾ ਚਾਹੁੰਦਾ ਹੈ ਅਪਣੀ ਸਾਰੀ ਸ੍ਰਿਸ਼ਟੀ ਸੰਕੋਚ ਲੈਂਦਾ ਹੈ। ਇਸ ਤਰਾਂ ਇਹ ਸਿਲਸਿਲਾ ਆਦਿ ਤੋਂ ਚਲਿਆ ਆਉਂਦਾ ਹੈ

ਆਪਣੀ ਖੇਡ ਨੂੰ ਵੇਖਣ ਵਾਸਤੇ ਅਕਾਲ ਪੁਰਖ ਨੇ ਆਦਿ ਤੋਂ ਹੀ, ਦੋ ਪਾਰਟੀਆਂ ਬਣਾਈਆਂ ਹੋਈਆਂ ਹਨ ਇਕ ਆਸਤਕ ਅਤੇ ਦੂਜੀ ਨਾਸਤਕ। ਆਸਤਕ ਉਹ ਪਾਰਟੀ ਹੈ ਜਿਹੜੀ ਗੁਰੂ ਪਰਮਾਤਮਾ ਉਤੇ ਨਿਸਚਾ ਰਖਦੀ ਹੈ ਅਤੇ ਅਕਾਲ ਪੁਰਖ ਦੀ ਹੋਂਦ ਨੂੰ ਮੰਨਦੀ ਹੈ। ਦੂਜੀ ਪਾਰਟੀ ਜਿਸ ਨੂੰ ਨਾਸਤਕ ਕਿਹਾ ਜਾਂਦਾ ਹੈ ਉਹ ਨ ਤੇ ਕਿਸੇ ਰੱਬ ਨੂੰ ਮੰਨਦੀ ਹੈ ਅਤੇ ਨ ਹੀ ਗੁਰੂ ਪੀਰ ਤੇ ਸ਼ਰਧਾ ਰਖਦੀ ਹੈ ਇਨ੍ਹਾਂ ਦੋਹਾਂ ਪਾਰਟੀਆਂ ਨੂੰ ਸੁਰ ਅਤੇ ਅਸੁਰ ਦੇ ਨਾਉਂ ਨਾਲ ਵੀ ਪੁਕਾਰਿਆ ਜਾਂਦਾ ਹੈ। ਅਕਾਲ ਪੁਰਖ ਨੇ ਇਨ੍ਹਾਂ ਦੁਹਾਂ ਪਾਰਟੀਆਂ ਦੇ ਰਸਮੋ ਰਵਾਜ, ਚਾਲ ਚਲਨ ਅਤੇ ਰਹਿਣ ਬਹਿਣ ਦੇ ਤਰੀਕੇ ਵੀ ਕੁਝ ਵਖਰੇ ਵਖਰੇ ਬਣਾਏ ਹੋਏ ਹਨ ਖਿਆਲਾਤ ਦੇ ਨ ਮਿਲਣ ਕਰ ਕੇ ਇਨ੍ਹਾਂ ਦੁਹਾਂ ਪਾਰਟੀਆਂ ਦਾ ਆਪਸ ਵਿਚ ਝਗੜਾ ਹੁੰਦਾ ਹੀ ਰਹਿੰਦਾ ਹੈ ਜਿਸ ਤਰਾਂ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ

## ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ

ਇਨ੍ਹਾਂ ਦੁਹਾਂ ਪਾਰਟੀਆਂ ਦੇ ਜੁਧ ਕਿਸੇ ਨ ਕਿਸੇ ਸ਼ਕਲ ਵਿਚ ਹੋਂਦੇ ਹੀ ਰਹਿੰਦੇ ਹਨ। ਝਗੜਿਆਂ ਦੇ ਦੌਰਾਨ ਵਿਚ ਜਦੋਂ ਵੀ ਦੈਵੀ ਗੁਣਾਂ ਵਾਲਿਆਂ ਦਾ ਪਾਸਾ ਕਮਜ਼ੋਰ ਹੁੰਦਾ ਹੈ ਤਾਂ ਉਨ੍ਹਾਂ ਦੀ ਸਹਾਇਤਾ ਵਾਸਤੇ ਅਕਾਲ ਪੁਰਖ ਸਰਗੁਣ

Sri Satguru Jagjit Singh Ji Elibrary NamdhariElibrary@gmail.com

ਸਰੂਪ ਧਾਰ ਕੇ ਆਉਂਦਾ ਹੈ ਜਿਸ ਤਰ੍ਹਾਂ ਲਿਖਿਆ ਹੈ

**ਸ੍ਰਾ ਭਵ ਮੈਂ ਵਿਪਰੀਤ ਮਤ ਭਏ ਨਾਰ ਨਰ ਨਾਹਿ ।**
**ਦੇਖ ਦੁਖ ਨਿਜ ਦਾਸ ਕੋ ਤਨ ਧਾਰੇ ਭਵ ਮਾਹਿ ॥**

ਇਸੇ ਖਿਆਲ ਨੂੰ ਮੁਖ ਰਖ ਕੇ ਲਿਖਿਆ ਹੈ

**ਦੀਨਨ ਕੀ ਰੱਛਾ ਨਿਮਿਤ ਕਰ ਹੈ ਆਪ ਉਪਾਇ ।**
**ਪਰਮ ਪੁਰਖ ਪਾਵਨ ਸਦਾ ਆਪ ਪ੍ਰਗਟ ਹੋ ਆਇ ॥**

ਅਕਾਲ ਪੁਰਖ ਨੇ ਅਪਣੀ ਇਸ ਮਰਯਾਦਾ ਨੂੰ ਕਾਇਮ ਰਖਦਿਆਂ ਹੋਇਆਂ ਸਤਿਜੁਗ ਵਿਚ ਬਾਵਨ ਰੂਪ ਧਾਰਿਆ ਅਤੇ ਅਪਣੇ ਦਾਸਾਂ ਦੀ ਰੱਛਿਆ ਕੀਤੀ, ਤ੍ਰੇਤੇ ਵਿਚ ਸ੍ਰੀ ਰਾਮ ਚੰਦ੍ਰ ਜੀ ਦਾ ਅਵਤਾਰ ਧਾਰ ਕੇ ਦੈਂਤਾਂ ਨੂੰ ਮਾਰਿਆ ਅਤੇ ਦੇਵਤਿਆਂ ਦੀ ਰਛਿਆ ਕੀਤੀ, ਦੁਆਪੁਰ ਵਿਚ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਦਾ ਅਵਤਾਰ ਧਾਰ ਕੇ ਨਾਸਤਕ ਪਾਰਟੀ ਦੇ ਸਿਰਮੌਰ ਕੰਸ ਨੂੰ ਸਾਥੀਆਂ ਸਮੇਤ ਸੰਘਾਰਿਆ । ਦੁਆਪੁਰ ਤੋਂ ਪਿਛੋਂ ਵਾਰੀ ਆਈ ਕਲਜੁਗ ਦੀ ਕਲਜੁਗ ਦੇ ਬਾਰੇ ਸਤਿਗੁਰੂ ਜੀ ਲਿਖਦੇ ਹਨ

**ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ**

ਅਥਵਾ

**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ**

ਭਾਵ ਇਹ ਕਿ ਕਲਜੁਗ ਵਿਚ ਪਾਪਾਂ ਦੀ ਅਤਿ ਹੋ ਗਈ ਸੀ, ਸ਼ਾਹੂ ਗਰੀਬ ਦੁਖੀ ਹੋ ਗਏ ਸਨ, ਮੁਲਕ ਅਤੇ ਕੌਮ ਦੇ ਆਗੂ ਰਾਜੇ ਅਪਣੇ ਜਾਤੀ ਆਰਾਮ ਵਾਸਤੇ ਅੰਧਾ ਧੁੰਧ ਪਾਪ ਕਮਾ ਰਹੇ ਸਨ ਸਾਰੀ ਪਰਜਾ ਵਿਚ ਝੂਠ ਦਾ ਬੋਲ ਬਾਲਾ ਸੀ ਲੋਕ ਨਾਮ ਰੂਪ ਭਜਨ ਨੂੰ ਛੱਡ ਕੇ ਪਾਪ ਕਰਨ ਨੂੰ ਭੱਜਦੇ ਸਨ, ਅਧਰਮ ਹੀ ਅਧਰਮ ਹੋ ਰਿਹਾ ਸੀ

ਧਰਤੀ ਦੀ ਇਸ ਦੁਰਦਸ਼ਾ ਨੂੰ ਅਨੁਭਵ ਕਰਕੇ ਸ੍ਰੀ ਅਕਾਲ ਪੁਰਖ ਜੀ ਅਪਣੀ ਸਾਜੀ ਹੋਈ ਸ੍ਰਿਸ਼ਟੀ ਦੇ ਜੀਵਾਂ ਨੂੰ ਸੁਧਾਰਨ ਵਾਸਤੇ, ਨਿਰਗੁਣ ਤੋਂ ਸਰਗੁਣ ਸਰੂਪ ਹੋ ਕੇ, ਰਾਇ ਭੋਇ ਦੀ ਤਲਵੰਡੀ ਵਿਚ, ਮਾਤਾ ਸ੍ਰੀ ਤ੍ਰਿਪਤਾ ਜੀ ਅਤੇ ਪਿਤਾ ਸ੍ਰੀ ~~ਕਾਲੂ~~ ਜੀ ਦੇ ਗ੍ਰਿਹ ਵਿਖੇ ਪ੍ਰਗਟ ਹੋਏ, ਉਸ ਸਮੇਂ ਦੀ ਸੋਭਾ ਵਰਨਣ ਕਰਦੇ ਹੋਇ ਭਾਈ ਗੁਰਦਾਸ ਜੀ ਲਿਖਦੇ ਹਨ

ਸ੍ਰੀ [illegible] ਜੀ

Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਨਾਨਕ ਪ੍ਰਗਟਿਆ,
# ਮਿਟੀ ਧੁੰਧ, ਜਗ ਚਾਨਣ ਹੋਆ ।
# ਜਿਉਂ ਕਰ ਸੂਰਜ ਨਿਕਲਿਆ,
# ਤਾਰੇ ਛਪੇ ਅੰਧੇਰ ਪਲੋਆ ॥

ਅਥਵਾ

# ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ

ਸੰਤ ਕਰਮ ਸਿੰਘ ਜੀ ਬਾਲਮ ਲਿਖਦੇ ਹਨ

ਨਿਰੰਕਾਰ ਸਾਕਾਰ ਹੋਇ, ਗੁਰੂ ਨਾਨਕ ਸਰੂਪ ਦਿਖਾਇਆ
ਜਾਮਾ ਪਹਿਣ ਮਨੁਖ ਦਾ, ਖਲਕਤ ਅੰਦਰ ਖਾਲਕ ਆਇਆ
ਅੰਬਰੋਂ ਫੁਲ ਬ੍ਰਸਾਇਕੇ, ਦੇਵਤਿਆਂ ਨੇ ਸੀਸ ਝੁਕਾਇਆ
ਪਉਣ ਪੁਜਾਰੀ ਹੋਇ ਕੈ, ਸਤਿਗੁਰਾਂ ਤੇ ਚਉਰ ਝੁਲਾਇਆ
ਬ੍ਰਹਮਾ ਚਾਰੇ ਵੇਦ ਪੜ੍ਹ, ਚਤੁਰ ਭੁਜ ਕਰੈ ਤਿਲਕ ਚੜ੍ਹਾਇਆ

## ਅੰਬਰੋਂ ਆਪ ਅਕਾਲ ਸਿਧਾਇਆ

ਆਪ ਜੀ ਨੇ ਬਚਪਣ ਵਿਚ ਹੀ ਅਪਣੇ ਸਹਿਜ ਸੁਭਾਵ ਦੇ ਕੌਤਕ ਖੇਡ ਕੇ ਤਲਵੰਡੀ ਦੇ ਰਾਇ ਬੁਲਾਰ ਨੂੰ ਕਾਇਲ ਬਣਾ ਲਿਆ। ਲਕੀਰ ਦੇ ਫਕੀਰ ਪਾਂਧੇ ਅਤੇ ਕਾਜ਼ੀ ਨੂੰ ਸਚਾ ਉਪਦੇਸ਼ ਦਿੱਤਾ ਸਾਧੂਆਂ ਨੂੰ ਭੋਜਨ ਛਕਾ ਕੇ ਖਰਾ ਅਤੇ ਸੱਚਾ ਸੌਦਾ ਕੀਤਾ ਸੁਲਤਾਨਪੁਰ ਵਿਚ ਮੋਦੀਖਾਨੇ ਦੀ ਕਾਰ ਚਲਾ ਕੇ ਨਵਾਬ ਨੂੰ ਰਾਹੇ ਰਾਸਤੀ ਤੇ ਲਿਆਂਦਾ। ਇਸੇ ਤਰਾਂ ਅਨਗਿਨਤ ਕੌਤਕ ਕਰਦੇ ਹੋਇ ਅਪਣੀ ਜਵਾਨ ਅਵੱਸਥਾ ਤਕ ਪਹੁੰਚੇ। ਵੇਈਂ ਨਦੀ ਵਿਚ ਤਿੰਨ ਦਿਨ ਪ੍ਰਵੇਸ਼ ਕਰਨ ਪਿਛੋਂ ਆਪ ਜੀ ਨੇ ਮੋਦੀ ਖਾਨੇ ਦੀ ਕਾਰ ਛੱਡ ਦਿੱਤੀ ਅਤੇ ਯਾਤਰਾ ਲਈ ਘਰੋਂ ਨਿਕਲ ਤੁਰੇ

ਸ੍ਰੀ ਸਤਿਗੁਰ ਜੀ ਨੇ ਸਾਰੀ ਸ੍ਰਿਸ਼ਟੀ ਦੇ ਸੁਧਾਰਨ ਲਈ ਕਮਰਕੱਸਾ ਕੀਤਾ। ਕਈ ਥਾਵਾਂ ਤੇ ਆਪ ਇਕੱਲੇ ਹੀ ਗਏ, ਕਈ ਥਾਵਾਂ ਤੇ ਭਾਈ ਬਾਲਾ ਜੀ ਨੂੰ ਨਾਲ ਲੈ ਗਏ ਅਤੇ ਕਈ ਥਾਵਾਂ ਤੇ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਦੋਹਾਂ ਨੂੰ ਨਾਲ ਲੈ ਗਏ

# ਚੜ੍ਹਿਆ ਸੋਧਣ ਧਰਤਿ ਲੁਕਾਈ

ਸਿਆਣੇ ਆਦਮੀ ਕਹਿੰਦੇ ਹਨ ਕਿ ਜੇ ਵੱਡੇ ਆਦਮੀ ਚੰਗੇ ਪਾਸੇ ਲੱਗ ਜਾਣ ਤਾਂ ਦੂਸਰੇ ਆਦਮੀ ਵੀ ਉਨ੍ਹਾਂ ਦੇ ਪਿਛੇ ਲੱਗ ਜਾਂਦੇ ਹਨ। ਇਸੇ ਅਸੂਲ ਨੂੰ ਮੁਖ ਰੱਖਦਿਆਂ ਹੋਇਆਂ ਅਪਣੇ ਇਲਾਕੇ ਦੇ ਵੱਡੇ ਆਦਮੀ ਰਾਇ ਬੁਲਾਰ ਨੂੰ ਤਾਂ ਆਪ ਜੀ ਨੇ ਪਹਿਲਾਂ ਹੀ ਕਾਇਲ ਬਣਾ ਲਿਆ ਸੀ ਅਤੇ ਸੁਲਤਾਨ ਪੁਰ ਦੇ ਨਵਾਬ ਨੂੰ ਵੀ ਸਚੀ ਨਿਮਾਜ ਦਾ ਉਪਦੇਸ਼ ਦੇ ਚੁਕੇ ਸਨ। ਅਪਣੇ ਪਰੋਹਤ ਨੂੰ ਵੀ ਆਸਲੀ ਜਨੇਊ '**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ**' ਦਸ ਚੁਕੇ ਸਨ ਅਤੇ ਇਸ ਤਰਾਂ ਦੇ ਅਨੇਕ ਕੌਤਕ ਖੇਡ ਚੁਕੇ ਸਨ। ਹੁਣ ਆਪ ਜੀ ਐਮਨਾ ਬਾਦ ਗਏ। ਉਥੇ ਭਾਈ ਲਾਲੋ ਜੀ ਦੇ ਘਰ ਠਹਿਰੇ। ਇਸੇ ਨਗਰ ਵਿਚ ਹੀ ਉਨ੍ਹਾਂ ਦਿਨਾਂ ਵਿਚ ਹੀ ਇਕ ਹਿੰਦੂ ਜਾਗੀਰਦਾਰ ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ ਸੀ ਜਿਸ ਵਿਚ ਬੜੇ ਬ੍ਰਾਹਮਣ, ਸਾਧੂ, ਫਕੀਰ ਅਤੇ ਇਲਾਕੇ ਦੇ ਪ੍ਰਤਿਸ਼ਟ ਸਜਣ ਆਏ ਸਨ ਇਕ ਨੌਕਰ ਰਾਹੀਂ ਗੁਰੂ ਨਾਨਕ ਦੇਵ ਜੀ ਨੂੰ ਵੀ ਸੁਨੇਹਾਂ ਘੱਲਿਆ ਗਿਆ ਸੀ। ਪਹਿਲਾਂ ਤਾਂ ਗੁਰੂ ਜੀ ਨ ਗਏ ਪਰ ਜਦੋਂ ਮਲਕ ਭਾਗੋ ਬੜੀ ਜਿਦ ਕੀਤੀ ਤਾਂ ਗੁਰੂ ਜੀ ਭੋਜ ਵਾਲੀ ਜਗਾਹ ਤੇ ਚਲੇ ਗਏ। ਜਾਂਦਿਆਂ ਹੀ ਮਲਕ ਭਾਗੋ ਨੇ ਤਰਕ ਕਰਦਿਆਂ ਆਖਿਆ ਕਿ ਇਕ ਗਰੀਬ ਤਰਖਾਣ ਦੀਆਂ ਰੁਖੀਆਂ ਸੁਖੀਆਂ ਰੋਟੀਆਂ ਖਾ ਲੈਂਦੇ ਹੋ ਤਾਂ ਫਿਰ ਮੇਰੇ ਬ੍ਰਹਮ ਭੋਜ ਵਿਚੋਂ ਕਈ ਪਰਕਾਰ ਦੇ ਭੋਜਨ ਖਾਣ ਤੋਂ ਸੰਕੋਚ ਕਿਉਂ ਕਰਦੇ ਹੋ? ਸਤਿਗੁਰੂ ਜੀ ਨੇ ਨਿਡੱਰ ਹੋ ਕੇ

## 'ਗੋਬਿੰਦ ਭਾਉ ਭਗਤਿ ਦਾ ਭੁਖਾ'

ਅਨੁਸਾਰ ਆਖਿਆ ਕਿ ਭਾਈ ਲਾਲੋ ਦੀ ਰੁਖੀ ਸੁਖੀ ਰੋਟੀ ਅੰਮ੍ਰਿਤ ਸਮਾਨ ਹੈ ਅਤੇ ਤੇਰੇ ਛਤੀਹ ਪਰਕਾਰ ਦੇ ਭੋਜਨ ਲਹੂ ਸਮਾਨ ਹਨ। ਇਸ ਨੂੰ ਪ੍ਰਤੱਖ ਕਰਨ ਵਾਸਤੇ ਹੀ ਗੁਰੂ ਜੀ ਨੇ ਇਕ ਹੱਥ ਵਿਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਫੜ ਲਈ ਅਤੇ ਇਕ ਹੱਥ ਵਿਚ ਮਲਕ ਭਾਗੋ ਦਾ ਪੂੜਾ ਫੜ ਲਿਆ ਜਦੋਂ ਦੋਹਾਂ ਨੂੰ ਦਬਾਇਆ ਤਾਂ ਮਲਕ ਭਾਗੋ ਦੇ ਪੂੜੇ ਵਿਚੋਂ ਲਹੂ ਦੇ ਟੇਪੇ ਜ਼ਮੀਨ ਤੇ ਡਿਗਣ ਲਗੇ ਅਤੇ ਭਾਈ ਲਾਲੋ ਦੀ ਰੋਟੀ ਵਿਚੋਂ ਦੁਧ ਦੀਆਂ ਧਾਰਾਂ ਨਿਕਲੀਆਂ। ਪੁਛਣ ਤੇ ਦਸਿਆ ਗਿਆ ਕਿ ਤੇਰੀ ਕਮਾਈ ਵਿਚ ਗਰੀਬਾਂ ਦਾ ਖੂਨ ਚੂਸਿਆ ਹੋਇਆ ਹੈ ਅਤੇ ਭਾਈ ਲਾਲੋ ਦੀ ਕਮਾਈ ਧਰਮ ਕਿਰਤ ਦੀ ਹੈ। ਇਸ ਕੌਤਕ ਰਾਹੀਂ ਸਤਿਗੁਰੂ ਜੀ ਨੇ ਸਭ ਨੂੰ ਉਪਦੇਸ਼ ਦਿਤਾ ਕਿ ਅਪਣੀ ਕਮਾਈ ਨੂੰ ਸੁੱਚੀ ਅਤੇ ਸੱਚੀ ਬਣਾਣਾ ਚਾਹੀਦਾ ਹੈ

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

ਆਪ ਜੀ ਨੇ ਵੇਖਿਆ

ਦੇਸ਼ ਮਲੇਛ ਅਪਾਰ ਬਢੇ , ਨਹਿੰ ਲੇਸ ਧਰੰਮ ਰਹਿਓ ਕਹੂੰ ਬੀਰਾ
ਪਾਪ ਘਨੇ ਤੁਰਕਾਨ ਕਰੇ , ਮਗ ਛੋਡ ਦਯੋ ਸੁ ਪਿਕੰਬਰ ਪੀਰਾ
ਹਿੰਦੂਨ ਰੂਪ ਵਤੀ ਲਰਕੀ ਪਿਖ ਕੈ ਜੁਲਮੀ ਸੁ ਕਰੈ ਬਰਤਾ
ਐਸ ਅਨੀਤ ਮਲੇਛ ਕਰੈ ਤਬ ਹੋਰ ਸੁ ਘੋਰ ਮਚਿਓ ਦੁਰਤਾ
ਛੋਰ ਭਜਨ ਭਜਨ ਅਪੁਨ ਕੋ ਨੈਕ ਸੁ ਨਾਹਿ ਰਹੀ ਸੁਰਤਾ
ਛਾਇ ਦੁਰੰਤ ਕੁਮੱਤ ਗਯੋ ਨਹਿ ਹੋਇ ਸੁਮੱਤ ਕਹੂੰ ਉਰਤਾ

ਇਸ ਤੋਂ ਇਲਾਵਾ ਜੇ ਕੋਈ ਪਾਪਾਂ ਤੋਂ ਬਚਿਆ ਹੋਇਆ ਸੀ ਤਾਂ ਉਹ ਭਰਮਾਂ ਅਤੇ ਵਹਿਮਾਂ ਵਿਚ ਫਸਿਆ ਹੋਇਆ ਸੀ ਜਿਵੇਂ ਦਸਮ ਪਾਤਿਸ਼ਾਹ ਜੀ ਲਿਖਦੇ ਹਨ :-

**ਕਾਹੂ ਲੈ ਪਾਹਨ ਪੂਜ ਧਰੋ ਸਿਰ, ਕਾਹੂ ਲੈ ਲਿੰਗੁ ਗਰੇ ਲਟਕਾਇਓ**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸ ਨਿਵਾਇਓ**
**ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕਉ ਪੂਜਨ ਧਾਇਓ**
**ਕੂਰ ਕ੍ਰਿਆ ਉਰਝਿਓ ਸਭ ਹੀ ਜਗੁ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ**

ਸਤਿਗੁਰ ਜੀ ਨੇ ਵੇਖਿਆ ਕਿ ਇਸ ਸਮੇਂ ਦੋ ਸੰਸਕ੍ਰਿਤੀਆਂ ਦਾ ਆਪਸ ਵਿਚ ਜੁੱਧ ਹੈ ਇਕ ਪਾਸੇ ਬਾਹਰੋਂ ਆਏ ਮੁਸਲਮਾਨ ਸਨ, ਜਿਨ੍ਹਾਂ ਕੋਲ ਰਾਜ ਸੱਤਾ ਸੀ ਅਤੇ ਹੱਥ ਵਿਚ ਖੰਜਰ ਅਥਵਾ ਤਲਵਾਰ ਸੀ, ਦੂਜੇ ਪਾਸੇ ਹਾਰੇ ਹੋਏ ਹਿੰਦੂ ਸਨ ਜਿਹੜੇ ਨਿਹੱਥੇ ਸਨ । ਰਾਜ ਇਸਲਾਮੀ ਹੋਣ ਕਰਕੇ ਅਤੇ ਹਾਕਮਾਂ ਵਲੋਂ ਜ਼ੁਲਮ ਹੋਣ ਕਰਕੇ ਕਈਆਂ ਹਿੰਦੂਆਂ ਨੇ ਇਸਲਾਮ ਕਬੂਲ ਕਰ ਲਿਆ ਸੀ । ਗੁਲਾਮੀ ਕਾਰਨ ਹਿੰਦੂਆਂ ਦਾ ਮਰਦਾਊਪਣਾ ਖਤਮ ਹੋ ਗਿਆ ਸੀ । ਮੁਗਲ ਹਾਕਮ ਰਾਜ ਦੇ ਮਧ ਵਿਚ ਮੱਤੇ ਹੋਏ ਸਨ ਅਤੇ ਹਿੰਦੂਆਂ ਨੂੰ ਨਾਜਾਇਜ਼ ਤੰਗ ਕਰਦੇ ਸਨ ਇਥੋਂ ਤਕ ਕਿ ਕਈ ਹਿੰਦੂ ਲੜਕੀਆਂ ਨਾਲ ਨਿਕਾਹ ਕਰ ਬੈਠੇ ਸਨ । ਇਹ ਧਰਮ ਵਲੋਂ ਪਤਿਤ ਹੋ ਚੁਕੇ ਸਨ ਅਤੇ ਜਿਹੜਾ ਧਰਮ ਹੈ ਸੀ ਉਹ ਵੀ ਵਿਖਾਵੇ ਵਾਸਤੇ ਹੀ ਸੀ । ਦੂਜੇ ਪਾਸੇ ਹਿੰਦੂ ਵੀ ਅਪਣੇ ਧਰਮ ਤੇ ਪੱਕੇ ਨਹੀਂ ਸਨ ਪਾਖੰਡ ਦਾ ਬੋਲਬਾਲਾ ਸੀ । ਤੀਰਥ ਤਾਂ ਬਹੁਤ ਸਨ ਅਤੇ ਉਥੇ ਯਾਤਰੀ ਵੀ ਬਹੁਤ ਜਾਂਦੇ ਸਨ ਪਰ ਉਥੇ ਧਰਮ ਦੇ ਨਾਮ ਤੇ ਲੁੱਟਣ ਵਾਲੇ ਪਾਖੰਡੀਆਂ ਦੀ ਭਰਮਾਰ ਹੁੰਦੀ ਸੀ । ਜਾਦੂ ਟੂਣਿਆਂ ਤੋਂ ਕੋਈ ਵਿਰਲਾ ਹੀ ਬਚਿਆ ਹੋਇਆ ਸੀ । ਵੇਦ ਸ਼ਾਸਤ੍ਰ ਅਤੇ ਹੋਰ ਕਈ ਗ੍ਰੰਥ ਸਨ ਪਰ ਜਿਸ ਤਰਾਂ ਹਜ਼ਾਰਾਂ ਸੂਰਜਾਂ ਅਤੇ ਲਖਾਂ ਚੰਦ੍ਰਮਾਂ ਦੇ ਹੁੰਦਿਆਂ ਹੋਇਆਂ ਵੀ ਸੱਚੇ ਗੁਰੂ ਤੋਂ ਬਿਨਾ ਹਨੇਰਾ ਹੀ ਹੁੰਦਾ ਹੈ ਇਸੇ ਤਰਾਂ ਸਭ ਹਨੇਰੇ ਵਿਚ ਹੀ ਵਿਚਰ ਰਹੇ ਸਨ

ਇਸੇ ਤਰਾਂ ਸ੍ਰੀ ਸਤਿਗੁਰੂ ਜੀ ਨੇ ਤਲੰਬੇ (ਜ਼ਿਲਾ ਮੁਲਤਾਨ) ਪਹੁੰਚ ਕੇ ਸਜਣ ਸ਼ਾਹ ਅਥਵਾ ਸਜਣ ਠੱਗ ਨੂੰ ਉਸਦਾ ਕਪਟ ਦਸ ਕੇ ਬੁਰੇ ਕੰਮਾ ਵਲੋਂ ਹਟਾਇਆ, ਧਰਮ ਦੀ ਕਿਰਤ ਕਰਕੇ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਵਲ ਲਾਇਆ ਅਤੇ ਉਸਨੂੰ ਭਜਨ ਦੇ ਕੇ ਉਸਦਾ ਜਨਮ ਸਫਲ ਕੀਤਾ

ਸ੍ਰੀ ਸਤਿਗੁਰੂ ਜੀ ਦੇ ਪਰਚਾਰ ਦਾ ਢੰਗ ਦੁਨੀਆਂ ਨਾਲੋਂ ਨਿਆਰਾ ਹੁੰਦਾ ਸੀ ਉਹ ਕੋਈ ਨ ਕੋਈ ਐਸਾ ਕੌਤਕ ਕਰ ਦਿੰਦੇ ਸਨ ਕਿ ਉਸਨੂੰ ਵੇਖਕੇ ਲੋਕ ਅਪਣੇ ਆਪ ਹੀ ਉਨ੍ਹਾਂ ਕੋਲ ਇਕੱਠੇ ਹੋ ਜਾਂਦੇ ਸਨ। ਜਦੋਂ ਹਰਿਦਵਾਰ ਗਏ ਤਾਂ ਆਪ ਜੀ ਨੇ ਵੇਖਿਆ ਕਿ ਬਹੁਤ ਆਦਮੀ ਗੰਗਾ ਵਿਚ ਸੂਰਜ ਵਲ ਮੂੰਹ ਕਰਕੇ ਚੁਲੀਆਂ ਕਰ ਕਰਕੇ ਪਾਣੀ ਸੁੱਟੀ ਜਾਂਦੇ ਹਨ। ਸਤਿਗੁਰੂ ਜੀ ਵੀ ਗੰਗਾ ਵਿਚ ਵੜ ਕੇ ਸੂਰਜ ਵਲ ਪਿਠ ਕਰਕੇ ਅਥਵਾ ਪੱਛਮ ਵਲ ਮੂੰਹ ਕਰਕੇ ਬੁਕਾਂ ਨਾਲ ਪਾਣੀ ਸੁੱਟਣ ਲੱਗ ਪਏ। ਲੋਕ ਇਹ ਵੇਖ ਕੇ ਹੈਰਾਨ ਹੋਏ ਅਤੇ ਗੁਰੂ ਜੀ ਦੇ ਆਲੇ ਦੁਆਲੇ ਇਕੱਠੇ ਹੋ ਗਏ। ਇਕ ਬ੍ਰਾਹਮਣ ਨੇ ਆਖਿਆ ਕਿ ਅਸੀਂ ਤਾਂ ਅਪਣੇ ਪਿੱਤਰਾਂ ਨੂੰ ਪਾਣੀ ਦੇ ਰਹੇ ਹਾਂ ਅਤੇ ਤੂੰ ਉਲਟਾ ਕੀ ਕਰ ਰਿਹਾਂ ਹੈਂ? ਸਤਿਗੁਰੂ ਜੀ ਨੇ ਕਹਿਆ ਕਿ ਮੈਂ ਪੰਜਾਬ ਵਿਚ ਅਪਣੇ ਸੁਕ ਰਹੇ ਖੇਤਾਂ ਨੂੰ ਪਾਣੀ ਦੇ ਰਿਹਾਂ ਹਾਂ। ਉਸ ਬ੍ਰਾਹਮਣ ਨੇ ਆਖਿਆ ਕਿ ਇੰਨੀ ਦੂਰ ਪਾਣੀ ਕਿਸਤਰ੍ਹਾਂ ਪਹੁੰਚੇਗਾ? ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਜਿਸ ਤਰ੍ਹਾਂ ਤੁਹਾਡਾ ਸੁੱਟਿਆ ਹੋਇਆ ਪਾਣੀ ਸੂਰਜ ਲੋਕ ਵਿਚ ਤੁਹਾਡੇ ਪਿਤਰਾਂ ਨੂੰ ਪਹੁੰਚੇਗਾ। ਉਨ੍ਹਾਂ ਦੀ ਸ਼ੰਕਾ ਨਵਿਰਤੀ ਵਾਸਤੇ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਜਿਸ ਤਰ੍ਹਾਂ ਮੇਰਾ ਸੁੱਟਿਆ ਹੋਇ ਪਾਣੀ ਸਿਰਫ ਦੋ ਢਾਈ ਸੌ ਕੋਹ ਦੂਰ ਨਹੀਂ ਪਹੁੰਚ ਸਕਦਾ ਇਸੇ ਤਰ੍ਹਾਂ ਤੁਹਾਡਾ ਚੁਲੀਆਂ ਨਾਲ ਸੁਟਿਆ ਹੋਇਆ ਪਾਣੀ ਤੁਹਾਡੇ ਪਿਤਰਾਂ ਤਕ ਨਹੀਂ ਪਹੁੰਚ ਸਕਦਾ, ਫਿਰ ਇਹ ਵੀ ਨਹੀਂ ਪਤਾ ਕਿ ਤੁਹਾਡੇ ਪਿਤਰ ਕਿਹੜੀ ਕਿਹੜੀ ਜੂਨ ਵਿਚ ਅਤੇ ਕਿਥੇ ਕਿਥੇ ਹਨ। ਇਹ ਅਰਘਾ ਦੇਣਾ ਸਿਰਫ ਪਾਖੰਡ ਹੀ ਹੈ।

ਸ੍ਰੀ ਸਤਿਗੁਰੂ ਜੀ ਆਸਾਮ ਵਲ ਵੀ ਗਏ। ਆਸਾਮ ਅਤੇ ਬੰਗਾਲ ਦਾ ਜਾਦੂ ਬਹੁਤ ਮਸ਼ਹੂਰ ਸੀ। ਇਥੇ ਸਿਰਫ ਮਰਦ ਹੀ ਨਹੀਂ ਸਗੋਂ ਜਨਾਨੀਆਂ ਵੀ ਜਾਦੂ ਮੰਤਰ ਜੰਤਰ ਟੂਣੇ ਆਦਿ ਸਿਖਦੀਆਂ ਸਨ। ਧਨਪੁਰ ਦੀ ਸਰਦਾਰ ਇਸਤਰੀ, ਨੂਰ ਸ਼ਾਹ ਇਕ ਪ੍ਰਸਿੱਧ ਜਾਦੂਗਰਨੀ ਸੀ। ਉਸਨੂੰ ਸਿਧੇ ਰਾਹ ਪਾਉਣ ਵਾਸਤੇ ਸਤਿਗੁਰੂ ਜੀ ਨੇ ਇਕ ਕੌਤਕ ਕੀਤਾ। ਮਰਦਾਨੇ ਨੂੰ ਭੁਖ ਬਹੁਤ ਲਗੀ ਹੋਈ ਸੀ ਇਸੇ ਬਹਾਨੇ ਉਸਨੂੰ ਸ਼ਹਿਰ ਵਲ ਭੇਜਿਆ ਅਤੇ ਆਪ ਸ਼ਹਿਰ ਦੇ ਬਾਹਰ ਇਕ ਨਦੀ ਕਿਨਾਰੇ ਬਹਿ ਗਏ। ਮਰਦਾਨਾ ਨੂਰ ਸ਼ਾਹ ਦੇ ਮਹਲ ਵਲ ਚਲਾ ਗਿਆ। ਮਹਲ ਵਿਚ ਨੂਰਸ਼ਾਹ ਦੀਆਂ ਦਾਸੀਆਂ ਨੇ ਮਰਦਾਨੇ ਨੂੰ ਜਾਦੂ ਨਾਲ ਭੇਡੂ ਬਣਾ ਦਿੱਤਾ ਅਤੇ ਅੰਦਰ ਕੈਦ ਕਰ ਲਿਆ। "ਘਟ ਘਟ ਕੇ ਅੰਤਰ ਕੀ ਜਾਨਤ" ਵਾਲੇ ਸਤਿਗੁਰੂ ਜੀ ਅਪਣੇ ਸੇਵਕ ਦੇ ਬੰਧਨ ਕੱਟਣ ਵਾਸਤੇ ਉਥੇ ਪਹੁੰਚ ਗਏ। ਦਾਸੀਆਂ ਨੇ ਸਤਿਗੁਰੂ ਜੀ ਤੇ ਵੀ ਜਾਦੂ ਕਰਨਾ ਚਾਹਿਆ ਪਰ ਕਿਸੇ ਦੀ

Sri Satguru Jagjit Singh Ji Elibrary NamdhariElibrary@gmail.com

ਕੋਈ ਪੇਸ਼ ਨ ਗਈ ਸਗੋਂ ਉਲਟੀਆਂ ਉਹ ਆਪ ਹੀ ਕੋਈ ਖੋਤੀ ਬਣ ਗਈ ਕੋਈ ਕੁੱਤੀ ਬਣ ਗਈ ਅਤੇ ਕੋਈ ਬਕਰੀ ਬਣ ਗਈ। ਜਦੋਂ ਨੂਰ ਸ਼ਾਹ ਦੀ ਆਪਣੀ ਵੀ ਕੋਈ ਪੇਸ਼ ਨ ਗਈ ਤਾਂ ਉਹ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਈ ਅਤੇ ਬੜੀ ਦੀਨ ਹੋ ਕੇ ਅਪਣੇ ਔਗਣਾਂ ਦੀ ਖਿਮਾ ਮੰਗੀ। ਸਤਿਗੁਰੂ ਜੀ ਨੇ ਕਿਰਪਾ ਕੀਤੀ ਅਤੇ ਭਜਨ ਦੇ ਦਿੱਤਾ। ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸਭ ਦਾਸੀਆਂ ਅਪਣੇ ਅਸਲੀ ਰੂਪ ਵਿਚ ਆ ਗਈਆਂ ਸਭ ਨੇ ਖਿਮਾ ਮੰਗੀ। ਫਿਰ ਜਦੋਂ ਅੰਦਰ ਜਾ ਕੇ ਮਰਦਾਨਾ ਜੀ ਨੂੰ ਦਰਸ਼ਨ ਦਿੱਤੇ ਤਾਂ ਉਹ ਵੀ ਬਿਲਕੁਲ ਠੀਕ ਹੋ ਗਏ। ਸਭ ਦਾਸੀਆਂ ਨੇ ਮਰਦਾਨਾ ਜੀ ਦੇ ਚਰਨੀਂ ਪੈ ਅਪਣੀ ਭੁਲ ਦੀ ਖਿਮਾ ਮੰਗੀ ਸਭ ਨੂੰ ਭਜਨ ਦਿੱਤਾ ਗਿਆ। ਸਭ ਨੂੰ ਸ਼ੁਭ ਸਿਖਿਆ ਦਿੱਤੀ ਗਈ

ਸਤਿਗੁਰੂ ਜੀ ਨੇ ਸੁਮੇਰ ਪਰਬਤ ਨੂੰ ਵੀ ਭਾਗ ਲਾਏ।

**ਫਿਰ ਜਾ ਚੜ੍ਹੇ ਸੁਮੇਰ ਪਰ, ਸਿੱਧ ਮੰਡਲੀ ਦ੍ਰਿਸ਼ਟੀ ਆਈ।**
**ਚੌਰਾਸੀਹ ਸਿਧਿ ਗੋਰਖਾਦਿ, ਮਨ ਅੰਦਰ ਗਣਤੀ ਵਰਤਾਈ।**
**ਸਿਧ ਪੁੱਛਣ ਸੁਣ ਬਾਲਿਆ, ਕੌਣ ਸ਼ਕਤ ਤੁਹਿ ਏਥੇ ਲਿਆਈ।**
**ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।**

ਕੈਲਾਸ਼ ਪਰਬਤ ਦੀ ਉਚਾਈ ਸਮੁੰਦਰ ਦੀ ਸਤ੍ਹਾ ਤੇ ੨੨ ਹਜ਼ਾਰ ਫੁਟ ਦਸੀਦੀ ਹੈ ਇਸ ਦੇ ਕੋਲ ਹੀ ਇਕ ਝੀਲ ਹੈ ਜਿਸ ਨੂੰ ਮਾਨਸਰੋਵਰ ਕਿਹਾ ਜਾਂਦਾ। ਉਸ ਝੀਲ ਦੇ ਕਿਨਾਰੇ ਗੋਰਖ ਭਰਥਰੀ ਚਰਪਟ ਆਦਿ ਸਿੱਧਾਂ ਦੇ ਡੇਰੇ ਸਨ। ਉਨ੍ਹਾਂ ਸਿੱਧਾਂ ਨੇ ਜਦੋਂ ਗੁਰੂ ਜੀ ਨੂੰ ਉਥੇ ਪਹੁੰਚਿਆ ਵੇਖਿਆ ਤਾ ਬੜੇ ਹੈਰਾਨ ਹੋਏ। ਉਹ ਕਹਿਣ ਲੱਗੇ ਕਿ ਅਸੀਂ ਤਾਂ ਇਥੇ ਅਪਣੀਆਂ ਸਿੱਧੀਆਂ ਦੀ ਸ਼ਕਤੀ ਨਾਲ ਆਏ ਸਾਂ ਤੇ ਤੁਸੀਂ ਇਥੇ ਬਰਫਾਨੀ ਅਤੇ ਇੰਨੇ ਉਚੇ ਪਹਾੜ ਤੇ ਕਿਸ ਤਰਾਂ ਪਹੁੰਚ ਗਏ ਹੋ। ਸਤਿਗੁਰੂ ਜੀ ਨੇ ਦਸਿਆ ਕਿ ਮੈਂ ਤਾਂ ਸਿਰਫ ਅਕਾਲ ਪੁਰਖ ਦਾ ਭਜਨ ਹੀ ਕਰਦਾ ਹਾਂ ਅਤੇ ਉਹਦੀ ਕਿਰਪਾ ਨਾਲ ਹੀ ਪੁਜਿਆ ਹਾਂ। ਸਿੱਧਾਂ ਨੇ ਅਪਣਾ ਪ੍ਰਭਾਵ ਪਾਉਣ ਵਾਸਤੇ ਕਈ ਸਵਾਲ ਕੀਤੇ ਪਰ ਸਤਿਗੁਰੂ ਜੀ ਨੇ ਸਭ ਨੂੰ ਤਸੱਲੀ ਬਖਸ਼ ਜਵਾਬ ਦਿੱਤਾ। ਸਿੱਧਾਂ ਨੇ ਕਈ ਕਰਾਮਾਤਾਂ ਵਿਖਾਈਆਂ ਪਰ ਸਤਿਗੁਰੂ ਜੀ ਅਗੇ ਕਿਸੇ ਦੀ ਕੋਈ ਪੇਸ਼ ਨ ਗਈ ਸਿਧਾਂ ਦਾ ਇਕ ਸਵਾਲ ਇਹ ਸੀ

ਕਿ **"ਕਿਉਂ ਸੰਸਾਰੀ ਰੀਤ ਚਲਾਈ"**

ਸ੍ਰੀ ਸਤਿਗੁਰ ਜੀ ਦਾ ਉਨ੍ਹਾਂ ਪ੍ਰਤੀ ਜਵਾਬ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਇਸ ਤਰਾਂ ਸੀ

**ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਨ ਜਾਈ**

**ਬਿਨ ਦਿਤੇ ਕਛੂ ਹੱਥ ਨ ਆਈ**

ਆਪ ਜੀ ਨੇ ਉਨ੍ਹਾਂ ਨੂੰ ਕੁਝ ਇਹੋ ਜਿਹਾ ਉਪਦੇਸ਼ ਦਿੱਤਾ

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚ ਪਾਣੀ ਹੇ**

ਇਹ ਦਸਿਆ ਕਿ ਜੇ ਆਦਮੀ ਗ੍ਰਿਹਸਤ ਵਿਚ ਰਹਿੰਦਾ ਹੋਇਆ ਕਿਰਤ ਕਮਾਈ ਕਰਕੇ ਆਪ ਖਾਂਦਾ ਹੈ ਅਤੇ ਅਤਿਥੀਆਂ ਦੀ ਸੇਵਾ ਕਰਦਾ ਹੈ ਅਤੇ ਗੁਰੂ ਕੋਲੋਂ ਨਾਮ ਦੀ ਪ੍ਰਾਪਤੀ ਕਰਕੇ ਨਾਮ ਜਪਦਾ ਹੈ ਤਾਂ ਉਹ ਭੇਖੀ ਪਾਖੰਡੀ ਅਤੇ ਘਮੰਡੀ ਸਾਧਾਂ ਨਾਲੋਂ ਬਹੁਤ ਚੰਗਾ ਹੈ। ਤੁਸੀਂ ਵੀ ਪੂਰਨ ਗੁਰੂ ਜੀ ਕੋਲੋਂ ਨਾਮ ਦੀ ਪ੍ਰਾਪਤੀ ਕਰੋ। ਰਿਧਿ ਸਿਧਿ ਅਵਰ ਸਾਦ ਸਮਝ ਕੇ ਇਨ੍ਹਾਂ ਪਿਛੇ ਨ ਲਗੋ। ਸਮਾਜ ਤੇ ਭਾਰ ਨ ਪਾਓ ਸਗੋਂ ਸਮਾਜ ਦੀ ਸੇਵਾ ਕਰੋ। ਸਤਿਗੁਰੂ ਜੀ ਦਾ ਸਚਾ ਗਿਆਨ ਸੁਣ ਕੇ ਕਈ ਸਿੱਧ ਸਤਿਗੁਰੂ ਜੀ ਦੇ ਸਿਖ ਬਣ ਗਏ

ਇਕ ਸਾਖੀ ਪੀਰ ਹਮਜ਼ਾ ਗੌਂਸ ਦੀ ਹੈ। ਇਹ ਪੀਰ ਸਿਆਲਕੋਟ ਰਹਿੰਦਾ ਸੀ। ਇਸ ਨੇ ਕਠਨ ਤਪੱਸਿਆ ਕਰਕੇ ਪੀਰੀ ਹਾਸਲ ਕੀਤੀ ਸੀ। ਜਦੋਂ ਕੁਝ ਕੁ ਸ਼ਕਤੀ ਆਈ ਤਾਂ ਉਹਨੇ ਜੰਤ੍ਰ ਮੰਤ੍ਰ ਧਾਗੇ ਅਥਵਾ ਤਵੀਤ ਰਾਹੀਂ ਕਈ ਚੇਲੇ ਚੇਲਿਆਂ ਨੂੰ ਪੁੱਤਰ ਦਿੱਤੇ ਸਨ। ਉਹਨੇ ਇਕ ਹਿੰਦੂ ਧਨੀ ਨੂੰ ਵੀ ਇਸ ਸ਼ਰਤ ਤੇ ਤਿੰਨ ਪੁੱਤਰ ਦਿੱਤੇ ਸਨ ਕਿ ਜਿਹੜਾ ਪਹਿਲਾ ਪੁੱਤਰ ਹੋਵੇਗਾ ਉਹ ਪੀਰ ਜੀ ਨੂੰ ਦਿੱਤਾ ਜਾਏਗਾ। ਪੁੱਤਰ ਤਾਂ ਹੋ ਗਏ ਪਰ ਉਸ ਸੇਠ ਨੇ ਪੀਰ ਨੂੰ ਪੁੱਤਰ ਨ ਦਿੱਤਾ। ਸੇਠ ਨੇ ਬੜੇ ਤਰਲੇ ਕੀਤੇ ਕਿ ਪੁੱਤਰ ਦੇ ਬਦਲੇ ਜਿੰਨੀ ਰਕਮ ਚਾਹੁੰਦੇ ਹੋ ਲੈ ਲਵੋ ਪਰ ਪੀਰ ਨ ਮੰਨਿਆ। ਜਦੋਂ ਸੇਠ ਨੇ ਪੁੱਤਰ ਨ ਦਿੱਤਾ ਤਾਂ ਪੀਰ ਨੇ ਕ੍ਰੋਧਵਾਨ ਹੋ ਕੇ ਸ਼ਹਿਰ ਨੂੰ ਗਰਕ ਕਰਨ ਦਾ ਸਰਾਪ ਦੇ ਦਿੱਤਾ ਅਤੇ ਆਪ ਇਕ ਹੁਜਰੇ ਵਿਚ ਚਲੀਹਾ ਕੱਟਣ ਲਗ ਪਿਆ। ਸ਼ਹਿਰ ਦੇ ਗਰਕ ਹੋ ਜਾਣ ਦਾ ਸਰਾਪ ਸੁਣ ਕੇ ਸਾਰੇ ਸ਼ਹਿਰ ਨਿਵਾਸੀ ਮੌਤ ਦੇ ਡਰ ਨਾਲ ਸਹਿਮ ਗਏ। ਸ਼ਹਿਰ ਵਾਲਿਆਂ ਦੀ ਖੁਸ਼ਕਿਸਮਤੀ ਸੀ ਕਿ ਇਨ੍ਹਾਂ ਦਿਨਾਂ ਵਿਚ ਗੁਰੂ ਨਾਨਕ ਦੇਵ ਜੀ ਸਿਆਲਕੋਟ ਆ ਗਏ। ਜਦੋਂ ਉਨ੍ਹਾਂ ਨੂੰ ਇਸ ਸਰਾਪ ਬਾਰੇ ਦਸਿਆ ਗਿਆ ਤਾਂ ਸਤਿਗੁਰੂ ਜੀ ਨੇ ਲੋਕਾਂ ਨੂੰ ਧੀਰਜ ਦਿੱਤੀ ਅਤੇ ਕਹਿਆ ਕਿ ਕੋਈ ਫ਼ਿਕਰ ਨ ਕਰੋ ਇਹ ਸਰਾਪ ਪੂਰਾ ਨਹੀਂ ਹੋਣਾ। ਸਤਿਗੁਰੂ ਜੀ ਦੇ ਬਚਨ ਨਾਲ ਜਿਸ ਹੁਜਰੇ ਵਿਚ ਪੀਰ ਬੈਠਾ ਚਲੀਹਾ ਕੱਟ ਰਿਹਾ ਸੀ ਉਸ ਹੁਜਰੇ ਦੀ ਛੱਤ ਫੱਟ ਗਈ। ਕੜ ਕੜ ਦੀ ਭਿਆਨਕ ਆਵਾਜ਼ ਨਾਲ ਪੀਰ ਦੀ ਸਮਾਧੀ ਖੁਲ੍ਹ ਗਈ। ਛੱਤ ਪਾਟੀ ਵੇਖ ਕੇ ਡਰ ਗਿਆ ਅਤੇ ਜਲਦੀ ਨਾਲ

ਹੁਜਰੇ ਤੋਂ ਬਾਹਰ ਹੋ ਗਿਆ ਚਲੀਹਾ ਪੂਰਾ ਨ ਕਰ ਸਕਿਆ
ਜਦ ਉਸਨੂੰ ਪਤਾ ਲਗਾ ਕਿ ਗੁਰੂ ਨਾਨਕ ਦੇਵ ਜੀ ਦੇ ਬਚਨ ਕਰਕੇ ਮੇਰਾ ਸਰਾਪ ਪੂਰਾ ਨਹੀਂ ਹੋਇਆ ਤਾਂ ਉਹ ਅਪਣੇ ਚੇਲਿਆਂ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ। ਦਰਸ਼ਨ ਕਰਦਿਆਂ ਸਾਰ ਹੀ ਤਪਤ ਕੜਾਹਾ ਬੁਝ ਗਿਆ ਭਾਵ ਮਨ ਸ਼ਾਂਤ ਹੋ ਗਿਆ ਅਤੇ ਦਿਲ ਟਿਕਾਣੇ ਆ ਗਿਆ। ਸ੍ਰੀ ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਪੀਰ ਜੀ ਨੂੰ ਸਮਝਾਇਆ ਅਤੇ ਕਹਿਆ ਕਿ ਜਿਹੜੇ ਪੀਰ ਹੁੰਦੇ ਹਨ ਉਨ੍ਹਾਂ ਨੂੰ ਇਨੀ ਕ੍ਰੋਧ ਨਹੀਂ ਕਰਨਾ ਚਾਹੀਦਾ। ਗ੍ਰਿਹਸਤੀਆਂ ਕੋਲੋਂ ਗਲਤੀਆਂ ਹੋ ਜਾਂਦੀਆ ਹਨ ਖਿਮਾ ਮੰਗਣ ਤੇ ਖਿਮਾ ਕਰ ਦੇਣੀਆਂ ਚਾਹੀਦੀਆਂ ਹਨ

**ਕਬੀਰ ਸੰਤ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ**

**ਮਲਿਆਗਰ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ**

ਸੱਚੇ ਸੰਤ ਨੂੰ ਭਾਵੇਂ ਕਰੋੜਾਂ ਮੰਦ ਕਰਮੀਆਂ ਨਾਲ ਵਾਸਤਾ ਪਵੇ ਪਰ ਅਪਣਾ ਸੰਤ ਪੁਨਾ ਨਹੀਂ ਛਡਦਾ। ਉਹ ਉਸਤਰਾਂ ਹੈ ਜਿਵੇਂ ਚੰਦਨ ਦਾ ਦਰਖਤ ਸੱਪਾਂ ਨਾਲ ਘਿਰਿਆ ਹੋਇਆ ਵੀ ਅਪਣੀ ਠੰਡਕ ਨਹੀ ਛਡਦਾ।

ਸਤਿਗੁਰੂ ਜੀ ਦਾ ਸ਼ੁਭ ਉਪਦੇਸ਼ ਸੁਣਕੇ ਪੀਰ ਦਾ ਮਨ ਸ਼ਾਂਤ ਹੋ ਗਿਆ ਚਿੱਤ ਦੀ ਬੇਚੈਨੀ ਦੂਰ ਹੋ ਗਈ ਹੰਕਾਰ ਦਾ ਕੰਡਾ ਨਿਕਲ ਗਿਆ ਅਤੇ ਸਤਿਗੁਰ ਜੀ ਦੇ ਚਰਨਾਂ ਤੇ ਢਹਿ ਕੇ ਆਪਣੀ ਭੁਲ ਦੀ ਖਿਮਾ ਮੰਗੀ। ਸਤਿਗੁਰੂ ਜੀ ਨੇ ਕਿਰਪਾ ਕੀਤੀ ਅਤੇ ਉਸਨੂੰ ਇਕ ਸਚਾ ਪੀਰ ਬਣਾ ਦਿੱਤਾ

ਭਾਈ ਮਰਦਾਨਾ ਜੀ ਦੇ ਕਹਿਣ ਤੇ ਨਹੀਂ ਸਗੋਂ ਸਚਾਈ ਦਾ ਪਰਚਾਰ ਪੂਰਬੀ ਅਰਥਾਤ ਇਸਲਾਮੀ ਦੇਸ਼ਾਂ ਵਿਚ ਵੀ ਕਰਨ ਦੇ ਵਿਚਾਰ ਨਾਲ ਆਪ ਜੀ ਨੇ ਮੱਕੇ ਦੀ ਵੀ ਯਾਤਰਾ ਕੀਤੀ। ਭਾਈ ਗੁਰਦਾਸ ਜੀ ਲਿਖਦੇ ਹਨ

**ਬਾਬਾ ਫਿਰ ਮੱਕੇ ਗਿਆ, ਨੀਲ ਬਸਤ੍ਰ ਧਾਰੇ ਬਨਵਾਰੀ**
**ਆਸਾ ਹੱਥ ਕਿਤਾਬ ਕਛ ਕੂਜਾ, ਬਾਂਗ ਮੁਸੱਲਾ ਧਾਰੀ**
**ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹਜ ਗੁਜਾਰੀ**
**ਜਾਂ ਬਾਬਾ ਸੁੱਤਾ ਰਾਤ ਨੂੰ ਵਲ ਮਹਿਰਾਬੇ ਪਾਇ ਪਸਾਰੀ**
**ਜੀਵਣ ਮਾਰੀ ਲੱਤ ਦੀ, ਕਿਹੜਾ ਸੁੱਤਾ ਕੁਫਰ ਕੁਫਾਰੀ**
**ਲੱਤਾਂ ਵਲ ਖੁਦਾਇ ਦੇ ਕਿਉਂ ਕਰ ਪਇਆ ਹੋਇ ਬਜਗਾਰੀ**
**ਟੰਗੋਂ ਪਕੜ ਘਸੀਟਿਆ, ਫਿਰਿਆ ਮੱਕਾ ਕਲਾ ਦਿਖਾਰੀ**
**ਹੋਇ ਹੈਰਾਨ ਕਰੇਨ ਜੁਹਾਰੀ**

ਸਤਿਗੁਰੂ ਜੀ ਹਾਜੀਆਂ ਵਾਲਾ ਬਾਣਾ ਧਾਰ ਕੇ ਸੂਰਤ ਦੀ ਬੰਦਰਗਾਹ
ਤੋਂ ਸਮੁੰਦਰੀ ਜਹਾਜ਼ ਰਾਹੀਂ ਮੱਕੇ ਪਹੁੰਚੇ। ਲੋਕਾਂ ਨੂੰ ਇਕੱਠਿਆ ਕਰਨ ਲਈ ਇਕ
ਨਿਰਾਲਾ ਹੀ ਕੌਤਕ ਕੀਤਾ। ਜਾਣ ਬੁਝ ਕੇ ਖਾਨਾ ਕਾਅਬੇ ਵੱਲ ਚਰਨ ਕਰ ਕੇ ਸੌਂ ਗਏ
ਕਾਜ਼ੀ ਜੀਵਣ ਨੇ ਕਾਅਬੇ ਦੀ ਹੱਤਕ ਵੇਖਕੇ ਲੱਤ ਮਾਰਕੇ ਸਤਿਗੁਰੂ ਜੀ ਨੂੰ ਜਗਾਇਆ
ਅਤੇ ਕਾਅਬੇ ਵੱਲ ਪੈਰ ਕਰਨ ਕਰਕੇ ਕਾਫ਼ਰ ਆਦਿ ਸ਼ਬਦ ਆਖੇ। ਸਤਿਗੁਰੂ ਜੀ ਨੇ
ਕਾਜ਼ੀ ਨੂੰ ਆਖਿਆ ਕਿ ਮੇਰੇ ਪੈਰ ਉਸ ਪਾਸੇ ਵੱਲ ਕਰ ਦੇਵੋ ਜਿਧਰ ਖੁਦਾ ਦਾ ਘਰ ਨਹੀਂ
ਕਾਜ਼ੀ ਨੇ ਗੁੱਸੇ ਵਿਚ ਲੱਤੋਂ ਫੜ ਕੇ ਘਸੀਟ ਕੇ ਪੈਰ ਦੂਜੇ ਪਾਸੇ ਵੱਲ ਕਰ ਦਿੱਤੇ।
ਖੇਡ ਗੁਰੂ ਜੀ ਦੀ, ਜਿਧਰ ਕਾਜ਼ੀ ਨੇ ਗੁਰੂ ਜੀ ਦੇ ਪੈਰ ਕੀਤੇ ਉਧਰ ਹੀ ਮੱਕਾ ਵੀ
ਫਿਰ ਗਿਆ। ਇਹ ਵੇਖਕੇ ਬਹੁਤ ਲੋਕ ਇਕੱਠੇ ਹੋ ਗਏ। ਸਤਿਗੁਰੂ ਜੀ ਨੇ ਸਭ ਨੂੰ
ਸਮਝਾਇਆ ਕਿ ਖੁਦਾ ਹਰ ਪਾਸੇ ਹਰ ਥਾਂ ਤੇ ਮੌਜੂਦ ਹੈ

## ਘਟਿ ਘਟਿ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ

ਗਿਆਨ ਚਰਚਾ ਸ਼ੁਰੂ ਹੋ ਗਈ। ਕਾਜ਼ੀਆਂ ਨੇ ਸਤਿਗੁਰੂ ਜੀ ਕੋਲੋਂ ਪੁੱਛਿਆ
ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ

## ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ

ਗੁਰੂ ਜੀ ਨੇ ਬਿਨਾ ਝਿਜਕ ਦੇ ਉੱਤਰ ਦਿੱਤਾ ਕਿ ਇਨਸਾਨ ਸਭ ਇਕੋ ਜਹੇ ਹਨ, ਜਿਹੜਾ
ਸ਼ੁਭ ਕੰਮ ਕਰਦਾ ਹੈ ਉਹ ਵੱਡਾ ਹੈ ਨਹੀਂ ਤਾਂ

## ਸੁਭ ਅਮਲਾਂ ਬਾਝੋਂ ਦੋਵੇਂ ਰੋਈ

ਗੁਰੂ ਜੀ ਦੇ ਸੱਚੇ ਉਪਦੇਸ਼ ਅੱਗੇ ਸਭ ਮੁੱਲਾਂ, ਕਾਜ਼ੀ ਅਤੇ ਹਾਜੀ ਨਿਉਂ ਗਏ
ਅਤੇ ਗੁਰੂ ਜੀ ਦੀ ਖੜਾਂਵ ਨਿਸ਼ਾਨੀ ਕਰ ਕੇ ਲੈ ਲਈ ਅਤੇ ਉਸਦੀ ਪੂਜਾ ਕਰਨ ਲਗੇ

## ਧਰੀ ਨਿਸ਼ਾਨੀ ਕੌਸ ਦੀ ਮੱਕੇ ਅੰਦਰ ਪੂਜ ਕਰਾਈ

ਇਥੋਂ ਆਪ ਮਦੀਨੇ ਗਏ ਅਤੇ ਫਿਰ ਮੁਸਲਮਾਨਾਂ ਦੇ ਗੜ੍ਹ ਬਗ਼ਦਾਦ ਪਹੁੰਚੇ
ਉਥੇ ਕਬਰਸਤਾਨ ਵਿਚ ਇਕ ਤਾਲਾਬ ਦੇ ਕਿਨਾਰੇ ਡੇਰਾ ਕੀਤਾ। ਅੰਮ੍ਰਿਤ ਵੇਲੇ ਇਸ਼ਨਾਨ
ਕਰਕੇ ਜਦੋਂ ਜਪੁਜੀ ਸਾਹਿਬ ਦੇ ਪਾਠ ਦੀ ਇਹ ਤੁਕ ਪੜ੍ਹੀ

## ਪਾਤਾਲਾ ਪਾਤਾਲ ਲਖ ਆਗਾਸਾ ਆਗਾਸ

ਤਾਂ ਉਥੋਂ ਦੇ ਵੱਡੇ ਪੀਰ ਦਸਤਗੀਰ ਦੇ ਇਕ ਚੇਲੇ ਨੇ ਸੁਣੀ। ਉਹ ਭੱਜਾ ਭੱਜਾ ਅਪਣੇ
ਪੀਰ ਕੋਲ ਗਿਆ ਅਤੇ ਆਖਿਆ ਕੇ ਤੁਸੀਂ ਤਾਂ ਸਤ ਪਾਤਾਲ ਅਤੇ ਸਤ ਆਕਾਸ਼
ਦਸਦੇ ਹੋ ਪਰ ਕਬਰਸਤਾਨ ਵਿਚ ਇਕ ਹਿੰਦੂ ਫਕੀਰ ਲੱਖ ਪਾਤਾਲ ਅਤੇ ਲੱਖ
ਆਕਾਸ਼ ਕਹਿ ਰਿਹਾ ਹੈ ਕੌਣ ਸੀ ਬਾਤ ਸੱਚੀ ਹੈ? ਪੀਰ ਨੇ ਕਹਿਆ ਕਿ ਉਹ ਹਿੰਦੂ
ਝੂਠ ਬੋਲਦਾ ਹੈ ਤੁਸੀਂ ਸਭ ਚੇਲੇ ਜਾਕੇ ਉਸਨੂੰ ਪੱਥਰ ਮਾਰੋ। ਜਦੋਂ ਚੇਲੇ ਪੱਥਰ

Sri Satguru Jagjit Singh Ji Elibrary NamdhariElibrary@gmail.com

ਦਰਨ ਵਾਸਤੇ ਆਏ ਤਾਂ ਸਾਰੇ ਹੀ ਜੜ੍ਹ ਹੋ ਗਏ, ਪੱਥਰ ਫੜੇ ਦੇ ਫੜੇ ਹੀ ਰਹਿ ਗਏ। ਇਹ ਵੇਖਕੇ ਪੀਰ ਦਸਤਗੀਰ ਨੇ ਸਤਿਗੁਰ ਜੀ ਦੇ ਚਰਨਾਂ ਤੇ ਢਹਿ ਕੇ ਅਪਣੀ ਭੁੱਲ ਬਖਸ਼ਵਾਈ। ਗੁਰ ਜੀ ਸਭ ਨੂੰ ਚੇਤਨ ਕੀਤਾ। ਪੀਰ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹਿੰਦੂ ਮਤ ਵਿਚ ਵੀ ਚੌਦਾਂ ਲੋਕ ਲਿਖੇ ਹਨ ਅਤੇ ਮੁਸਲਮਾਨ ਵੀ ਚੌਦਾਂ ਹੀ ਮੰਨਦੇ ਹਨ ਪਰ ਆਪ ਲੱਖਾਂ ਹੀ ਆਕਾਸ਼ ਅਤੇ ਲੱਖਾਂ ਹੀ ਪਾਤਾਲ ਆਖਦੇ ਹੋ ਸਤਿਗੁਰੂ ਜੀ ਨੇ ਕਹਿਆ ਕਿ ਜਿਨੇ ਕਿਸੇ ਨੇ ਵੇਖੇ ਜਾਂ ਸੁਣੇ ਉਨ੍ਹਾਂ ਲਿਖ ਦਿੱਤੇ। ਅਸਾਂ ਲੱਖਾਂ ਹੀ ਵੇਖੇ ਹਨ ਅਤੇ ਲੱਖਾਂ ਹੀ ਕਹਿ ਰਹੇ ਹਾਂ। ਜਦੋਂ ਪੀਰ ਜੀ ਨੇ ਕਹਿਆ ਕਿ ਸਾਨੂੰ ਯਕੀਨ ਕਿਸ ਤਰਾਂ ਹੋਵੇ ਤਾਂ ਗੁਰੂ ਜੀ ਨੇ ਪੀਰ ਦੇ ਪੁਤਰ ਨੂੰ ਨਾਲ ਲਿਜਾ ਕੇ, ਉਸਦੇ ਸਿਰ ਤੇ ਹੱਥ ਧਰ, ਅਤੇ ਨੇਤਰ ਬੰਦ ਕਰਵਾ ਕੇ ਲਖਾਂ ਹੀ ਬ੍ਰਹਮੰਡ ਵਿਖਾਏ। ਹਰ ਬ੍ਰਹਮੰਡ ਵਿਚੋਂ ਸਾਧ ਸੰਗਤ ਵਿਚੋਂ ਪਰਸਾਦ ਦਿਵਾਇਆ। ਉਹ ਪਰਸਾਦ ਲੈਂਦਾ ਥਕ ਗਿਆ ਅਖੀਰ ਗੁਰੂ ਜੀ ਉਸਨੂੰ ਉਥੇ ਵਾਪਸ ਲੈ ਆਏ। ਜਦੋਂ ਪੁੱਤਰ ਨੇ ਪੀਰ ਜੀ ਨੂੰ ਦਸਿਆ ਕਿ ਗੁਰੂ ਜੀ ਠੀਕ ਆਖਦੇ ਹਨ ਅਤੇ ਨਿਸ਼ਾਨੀ ਵਜੋਂ ਪਰਸਾਦ ਵੀ ਵਿਖਾਇਆ ਤਾਂ ਪੀਰ ਦਾ ਹੰਕਾਰ ਟੁਟ ਗਿਆ। ਸਤਿਗੁਰ ਜੀ ਨੇ ਪੀਰ ਨੂੰ ਕਹਿਆ ਕਿ ਖੁਦਾ ਆਪ ਵੀ ਬੇਅੰਤ ਹੈ ਅਤੇ ਉਸਦੀ ਰਚਨਾ ਵੀ ਬੇਅੰਤ ਹੈ

## ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ
## ਸਰਬ ਜੀਆ ਕਾ ਦਾਤਾ ਰੇ

ਇਕ ਉਚੀ ਪਹਾੜੀ ਦੇ ਥੱਲੇ ਇਕ ਨਗਰ ਹਸਨ ਅਬਦਾਲ ਸੀ ਅਤੇ ਇਸ ਪਹਾੜੀ ਉੱਤੇ ਪਾਣੀ ਦਾ ਤਾਲਾਬ ਸੀ। ਪੁਰਾਣੇ ਸਮੇਂ ਵਿਚ ਹਸਨ ਅਬਦਾਲ ਦੇ ਨੇੜੇ ਤੇੜੇ ਕੋਈ ਖੂਹ, ਬਾਉਲੀ ਜਾਂ ਪਾਣੀ ਦਾ ਕੋਈ ਚਸ਼ਮਾ ਨਹੀਂ ਸੀ। ਇਸ ਨਗਰ ਦੇ ਲੋਕ ਅਤੇ ਆਲੇ ਦੁਆਲੇ ਦੇ ਲੋਕ ਸਾਰੇ ਇਸੇ ਤਾਲਾਬ ਦਾ ਪਾਣੀ ਵਰਤਦੇ ਸਨ। ਇਸ ਤਾਲਾਬ ਦੇ ਕਿਨਾਰੇ ਇਕ ਕੰਧਾਰੀ ਨਾਮੀ ਮੁਸਲਮਾਨ ਫਕੀਰ ਰਹਿੰਦਾ ਸੀ। ਇਹੀ ਫਕੀਰ ਹੀ ਉਸ ਤਾਲਾਬ ਤੇ ਅਪਣਾ ਕਬਜ਼ਾ ਜਮਾਈ ਬੈਠਾ ਸੀ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬਗਦਾਦ ਤੋਂ ਵਾਪਸ ਆਉਂਦਿਆਂ ਜਦੋਂ ਇਸ ਨਗਰ ਪਹੁੰਚੇ ਤਾਂ ਮਰਦਾਨੇ ਨੂੰ ਪਿਆਸ ਨੇ ਬੜਾ ਤੰਗ ਕੀਤਾ। ਸਤਿਗੁਰੂ ਜੀ ਆਪ ਤਾਂ ਕੁਝ ਆਰਾਮ ਕਰਨ ਵਾਸਤੇ ਪਹਾੜੀ ਦੇ ਥੱਲੇ ਹੀ ਬਹਿ ਗਏ ਅਤੇ ਮਰਦਾਨੇ ਨੂੰ ਪਹਾੜੀ ਉੱਤੇ ਵਲੀ ਕੰਧਾਰੀ ਕੋਲੋਂ ਪਾਣੀ ਪੀਣ ਵਾਸਤੇ ਘੱਲਿਆ। ਮਰਦਾਨੇ ਨੇ ਪਹਾੜੀ ਉਤੇ ਜਾ ਕੇ ਵਲੀ ਕੰਧਾਰੀ ਨੂੰ ਸਲਾਮ ਕਰਕੇ ਤਾਲਾਬ ਵਿਚੋਂ ਪਾਣੀ ਪੀਣ ਦੀ ਆਗਿਆ ਮੰਗੀ। ਵਲੀ ਨੇ ਅਜਨਬੀ ਸਮਝ ਕੇ ਪੁਛਿਆ ਤੂੰ ਕਉਣ ਹੈ ਅਤੇ ਕਿਥੋਂ ਦਾ ਰਹਿਣ ਵਾਲਾ ਹੈਂ? ਮਰਦਾਨੇ ਨੇ ਕਹਿਆ ਕਿ ਮੈਂ ਰਾਇ ਭੁਇ ਦੀ ਤਲਵੰਡੀ ਦਾ ਰਹਿਣ ਵਾਲਾ ਰਬਾਬੀ ਹਾਂ। ਇਸ ਸਮੇਂ ਮੈਂ ਗੁਰੂ ਨਾਨਕ ਦੇਵ ਜੀ ਨਾਲ ਰਹਿੰਦਾ ਹਾਂ ਅਤੇ ਕੀਰਤਨ ਕਰਦਾ ਹਾਂ। ਮਰਦਾਨੇ ਨੇ ਇਹ ਵੀ ਦਸਿਆ ਕਿ ਗੁਰੂ ਨਾਨਕ ਦੇਵ ਜੀ ਇਕ ਸੱਚੇ ਗੁਰੂ ਹਨ ਸਭ ਦਾ ਭਲਾ ਕਰਦੇ ਹਨ। ਪਾਖੰਡ, ਭਰਮਾਂ ਅਤੇ ਵਹਿਮਾਂ ਤੋਂ ਉਪਰ ਹਨ। ਜ਼ੁਲਮ ਅਤੇ ਅਨਿਆਂ ਦੇ ਖਿਲਾਫ਼ ਪਰਚਾਰ ਕਰਦੇ ਹਨ ਅਤੇ ਲੋਕਾਂ ਨੂੰ ਖੁਦਾ ਦੀ ਬੰਦਗੀ ਵਲ ਲਾਉਂਦੇ ਹਨ। ਹੋਰ ਸਭ ਰੱਬੀ ਸਕਤੀਆਂ ਦੇ ਮਾਲਕ ਹਨ ਵਡੇ ਵਡੇ ਬ੍ਰਾਹਮਣਾਂ ਨੂੰ, ਮੱਕੇ ਦੇ ਕਾਜ਼ੀਆਂ ਨੂੰ, ਸਿੱਧਾਂ ਨੂੰ ਅਤੇ ਹੋਰ ਅਗਣਿਤ ਜੀਵਾਂ ਨੂੰ ਸਿਧੇ ਰਾਹ ਤੇ ਪਾਇਆ ਹੈ

**ਗੜ ਬਗਦਾਦੁ ਨਿਵਾਇਕੈ, ਮਕਾ ਮਦੀਨਾ ਸਭੇ ਨਿਵਾਇਆ**
**ਸਿਧ ਚਉਰਾਸੀਹ ਮੰਡਲੀ, ਖਟਿ ਦਰਸਨਿ ਪਾਖੰਡਿ ਜਿਣਾਇਆ**

## ਹਿੰਦੂ ਮੁਸਲਮਾਣਿ ਨਿਵਾਇਆ

ਮਰਦਾਨੇ ਕੋਲੋਂ ਇਕ ਹਿੰਦੂ ਗੁਰੂ ਦੀ ਉਸਤਤਿ ਸੁਣ ਕੇ ਵਲੀ ਸੜ ਬਲ ਗਿਆ ਇਕ ਹਿੰਦੂ ਕਾਫਰ ਦੀ ਸੋਭਾ ਕਰਨ ਕਰਕੇ ਮਰਦਾਨੇ ਨੂੰ ਪਾਣੀ ਨ ਪੀਣ ਦਿੱਤਾ। ਮਰਦਾਨਾ ਨਿਰਾਸ ਹੋ ਕੇ ਵਾਪਸ ਗੁਰੂ ਜੀ ਕੋਲ ਆ ਗਿਆ ਅਤੇ ਸਾਰੀ ਗਲ ਦੱਸੀ। ਗੁਰੂ ਜੀ ਮਰਦਾਨੇ ਨੂੰ ਸਮਝਾਇਆ ਕਿ ਇਸ ਇਲਾਕੇ ਵਿਚ ਪਾਣੀ ਤਾਂ ਸਿਰਫ

ਪਹਾੜੀ ਉੱਤੇ ਹੀ ਹੈ ਤੂੰ ਇਕ ਵਾਰ ਫਿਰ ਜਾ ਅਤੇ ਵਲੀ ਦੇ ਤਰਲੇ ਮਿੰਨਤਾਂ ਕਰਕੇ ਪਾਣੀ ਪੀ ਆ। ਜਦੋਂ ਮਰਦਾਨਾ ਦੂਜੀ ਵਾਰ ਗਿਆ ਤਾਂ ਵਲੀ, ਮਰਦਾਨੇ ਨੂੰ ਦੂਰੋਂ ਵੇਖਕੇ ਲਾਲ ਪੀਲਾ ਹੋ ਗਿਆ ਅਤੇ ਗੁੱਸੇ ਵਿਚ ਮਰਦਾਨੇ ਨੂੰ ਝਾੜਦਿਆਂ ਕਹਿਆ, "ਤੈਨੂੰ ਸ਼ਰਮ ਨਹੀਂ ਆਉਂਦੀ ਕਿ ਤੂੰ ਇਕ ਮੁਸਲਮਾਨ ਹੋ ਕੇ ਇਕ ਹਿੰਦੂ ਕਾਫਰ ਦੀ ਉਸਤਤਿ ਕਰਦਾ ਹੈਂ ਜੇ ਉਹ ਇੰਨਾ ਸ਼ਕਤੀਵਾਨ ਹੈ ਤਾਂ ਤੈਨੂੰ ਪਾਣੀ ਵੀ ਨਹੀਂ ਦੇ ਸਕਦਾ, ਮੇਰੀਆਂ ਅੱਖੀਆਂ ਤੋਂ ਦੂਰ ਹੋ ਜਾਹ।" ਮਰਦਾਨਾ ਡਰਦਾ ਡਰਦਾ ਵਾਪਸ ਚਲਾ ਗਿਆ ਅਤੇ ਗੁਰੂ ਜੀ ਨੂੰ ਕਹਿਆ, "ਗੁਰੂ ਜੀ ਵਲੀ ਤਾਂ ਮੈਨੂੰ ਘੂਰ ਘੂਰ ਕੇ ਪੈਂਦਾ ਹੈ ਅਤੇ ਤਾਲਾਬ ਦੇ ਨੇੜੇ ਵੀ ਨਹੀਂ ਹੋਣ ਦੇਂਦਾ, ਹੇ ਗੁਰੂ ਜੀ ਬੜੀ ਪਿਆਸ ਲਗੀ ਹੋਈ ਹੈ, ਕਿਧਰੇ ਹੋਰ ਥਾਂ ਤੋਂ ਪਾਣੀ ਪਿਲਾਉਣ ਦਾ ਜਤਨ ਕਰੋ।" ਗੁਰੂ ਜੀ ਨੇ ਮਰਦਾਨੇ ਨੂੰ ਧਾਰਸ ਬੰਧਾਂਦਿਆਂ ਕਹਿਆ, ਹੇ ਮਰਦਾਨਿਆ, ਫਿਕਰ ਨ ਕਰ ਤੈਨੂੰ ਪਾਣੀ ਨਾਲ ਰਜਾ ਦਿਆਂਗੇ ਮੇਰਾ ਬਚਨ ਮੰਨ ਕੇ ਇਕ ਵਾਰ ਫਿਰ ਜਾ। ਤ੍ਰੇਹ ਨਾਲ ਵਿਆਕੁਲ ਹੋਇ ਮਰਦਾਨੇ ਨੇ ਕਹਿਆ, ਹੇ ਗੁਰੂ ਜੀ

**ਏਕ ਬੂੰਦ ਜਲ ਕਾਰਨੇ, ਚਾਤ੍ਰਿਕ ਦੁਖ ਪਾਵੈ।**
**ਪ੍ਰਾਨ ਗਏ ਸਾਗਰੁ ਮਿਲੈ, ਫੁਨਿ ਕਾਮਿ ਨ ਆਵੈ।**

ਸਤਿਗੁਰੂ ਜੀ ਨੇ ਮਰਦਾਨੇ ਨੂੰ ਕਹਿਆ, "ਮਰਦਾਨਿਆ! ਤੈਨੂੰ ਮਾਰਨ ਵਾਸਤੇ ਤੇ ਨਾਲ ਨਹੀਂ ਲਿਆਂਦਾ, ਤੂੰ ਫਿਕਰ ਕਿਉਂ ਕਰਦਾ ਹੈਂ? ਮੇਰਾ ਬਚਨ ਮੰਨ ਅਤੇ ਇਕ ਵਾਰ ਫਿਰ ਜਾਹ।"

ਸ੍ਰੀ ਗੁਰੂ ਜੀ ਦੇ ਅਨੇਕ ਕੌਤਕ ਵੇਖ ਕੇ ਮਰਦਾਨੇ ਨੂੰ ਸਤਿਗੁਰੂ ਜੀ ਦੇ ਬਚਨਾਂ ਤੇ ਪੂਰਨ ਨਿਸਚਾ ਸੀ ਪਰ ਤ੍ਰੇਹ ਨੇ ਅਤੇ ਦੋ ਵਾਰੀ ਪਹਾੜੀ ਤੇ ਚੜ੍ਹਨ ਅਤੇ ਉਤਰਨ ਕਰਕੇ ਥਕਾਵਟ ਨੇ ਮਰਦਾਨੇ ਨੂੰ ਨਿਢਾਲ ਕਰ ਦਿੱਤਾ ਸੀ। ਪਿਆਸਾ ਅਤੇ ਥਕਿਆ ਹੋਇਆ ਮਰਦਾਨਾ, ਹਫਦਾ ਹਫਦਾ ਤੀਜੀ ਵੇਰ ਫਿਰ ਪਹਾੜੀ ਤੇ ਗਿਆ। ਵਲੀ ਦੇ ਬੜੇ ਤਰਲੇ ਕੀਤੇ ਅਤੇ ਖੁਦਾ ਦਾ ਵਾਸਤਾ ਪਾ ਕੇ ਕਹਿਆ, "ਸਾਈਂ ਲੋਕ ਵਲੀ ਜੀ, ਪਿਆਸ ਨਾਲ ਮੇਰੀ ਜਾਨ ਨਿਕਲ ਰਹੀ ਹੈ, ਮੈਨੂੰ ਦੋ ਘੁਟ ਪਾਣੀ ਪੀ ਲੈਣ ਦਿਓ, ਖੁਦਾ ਤੁਹਾਡਾ ਭਲਾ ਕਰੇਗਾ।" ਮਰਦਾਨੇ ਦੇ ਤਰਲਿਆਂ ਦਾ ਕਠੋਰ ਮਨ ਵਲੀ ਤੇ ਕੁਝ ਅਸਰ ਨ ਹੋਇਆ। ਉਸ ਨੇ ਮਰਦਾਨੇ ਨੂੰ ਪਾਣੀ ਪੀਣ ਨਹੀਂ ਦਿੱਤਾ, ਬੜੇ ਕ੍ਰੋਧ ਵਿਚ ਕਹਿਣ ਲੱਗਾ ਕਿ ਤੂੰ ਜੋ ਕਹਿੰਦਾ ਹੈਂ ਕਿ ਉਹ ਬੜਾ ਸਕਤੀਵਾਨ ਹੈ, ਕੀ ਉਹ ਅਪਣੀ ਸ਼ਕਤੀ ਨਾਲ ਪਾਣੀ ਵੀ ਨਹੀਂ ਪਿਲਾ ਸਕਦਾ? ਚੰਗਾ ਤੇਰਾ ਪੀਰ ਸ਼ਕਤੀ ਵਾਲਾ ਹੈ ਜਿਹੜਾ ਘੜੀ ਮੁੜੀ ਤੈਨੂੰ ਮੇਰੇ ਕੋਲ ਘਲਦਾ ਹੈ

ਇਥੋਂ ਹੀ ਪਤਾ ਲੱਗ ਗਿਆ ਹੈ ਕਿ ਤੂੰ ਐਵੇਂ ਹੀ ਅਪਣੇ
ਪੀਰ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਾ ਫਿਰਦਾ ਹੈਂ । ਤੈਨੂੰ ਪਤਾ ਹੋਣਾ ਚਾਹੀਦਾ ਹੈ
ਕਿ ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ
ਅਣਹੋਂਦੀ ਕਿਥਹੁ ਪਾਏ ।

ਮਰਦਾਨਾ ਵਿਚਾਰਾ ਝਿੜਕਾਂ ਖਾ ਕੇ ਪਿਆਸ ਨਾਲ ਡਾਢਾ ਵਿਆਕੁਲ
ਗੁਰੂ ਜੀ ਕੋਲ ਵਾਪਸ ਆ ਗਿਆ ਅਤੇ ਬੇਨਤੀ ਕੀਤੀ, "ਗੁਰੂ ਜੀ,
ਵਲੀ ਤਾਂ ਪਾਣੀ ਪੀਣ ਨਹੀਂ ਦੇਂਦਾ, ਉਹ ਤਾਂ ਮੈਨੂੰ ਮਾਰਨ ਨੂੰ ਪੈਂਦਾ ਹੈ
ਮੈਂ ਤਾਂ ਭੱਜ ਕੇ ਅਪਣੀ ਜਾਨ ਬਚਾਈ ਹੈ । ਉਹਦੇ ਕੋਲੋਂ ਤਾਂ ਬਚ ਕੇ
ਆ ਗਿਆ ਹਾਂ ਪਰ ਜਾਪਦਾ ਹੈ ਕਿ ਹੁਣ ਤ੍ਰੇਹ ਨਾਲ ਮੇਰਾ ਅੰਤਿਮ ਸਮਾ
ਇਥੇ ਹੀ ਆਇਆ ਖਲੋਤਾ, ਹੇ ਗੁਰੂ ਜੀ,

ਬਾਬੀਹਾ ਬੇਨਤੀ ਕਰੇ, ਕਰਿ ਕਿਰਪਾ ਦੇਹੁ ਜੀਅ ਦਾਨ ।
ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ ॥

ਹੁਣ ਤਾਂ ਇਹੁ ਜਲੁ ਮੇਰਾ ਜੀਉ ਹੈ, ਜਲੁ ਬਿਨੁ ਰਹਣੁ ਨ ਜਾਇ ।

ਮਰਦਾਨਾ ਹੱਲੀ ਆਪਣੀ ਗੱਲ ਪੂਰੀ ਵੀ ਨਹੀਂ ਸੀ ਕਰ ਸਕਿਆ ਕਿ
ਜਲ ਦੀਆਂ ਕੁਝ ਛਿੱਟਾਂ ਉਸਦੇ ਪੈਰਾਂ ਤੇ ਅਚਾਨਕ ਹੀ
ਆਣ ਪਈਆਂ । ਹੈਰਾਨ ਹੋਇਆ ਕਿ ਇਹ ਛਿੱਟਾਂ ਕਿਥੋਂ ਆਣ ਪਈਆਂ
ਹਨ । ਜਦੋਂ ਪਿਛੇ ਵੇਖਿਆ ਤਾਂ ਉਥੇ ਕੋਲ ਹੀ ਇਕ ਨਿਰਮਲ ਅਤੇ
ਸਵੱਛ ਪਾਣੀ ਦਾ ਚਸ਼ਮਾ ਚਲ ਰਹਿਆ ਦਿਖਾਈ ਦਿੱਤਾ,
ਦਿਲ ਬਾਗ਼ ਬਾਗ਼ ਹੋ ਗਿਆ, ਆਪ ਮੁਹਾਰੇ ਮੂੰਹੋਂ ਨਿਕਲ ਗਿਆ

ਵਾਹ ਵਾਹ, ਸੁਬਾਨ ਅੱਲਾ

"ਸੂਕੇ ਹਰੇ ਕੀਏ ਖਿਨ ਮਾਹੇ
ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ" ।

ਰਜ ਰਜ ਕੇ ਪਾਣੀ ਪੀਤਾ. ਜਨਮਾਂ ਜਨਮਾਤਰਾਂ ਦੀ ਤ੍ਰੇਹ ਦੂਰ ਹੋ ਗਈ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਤੁਸੀਂ ਸਾਰੇ ਜਾਣਦੇ ਹੀ ਹੋ ਕਿ ਇਹ ਪਾਣੀ ਕਿਥੋਂ ਆ ਗਿਆ ਸੀ। ਇਕ ਪਿਆਸੀ ਅਥਵਾ ਨਿਰਮਲ ਰੂਹ ਦੀ ਆਹ ਨੇ

## "ਅਹੰਕਾਰੀਆ ਨਿੰਦਕਾ ਪਿਠ ਦੇਇ"

ਅਨੁਸਾਰ ਅਹੰਕਾਰੀ ਅਤੇ ਘਮੰਡੀ ਵਲੀ ਨੂੰ ਖਾਲੀ ਕਰ ਦਿੱਤਾ ਅਤੇ ਨਾਲ ਹੀ ਉਸ ਪਾਣੀ ਭਰੇ ਤਾਲਾਬ ਨੂੰ ਵੀ ਖਾਲੀ ਕਰ ਦਿੱਤਾ ਜਿਸ ਆਸਰੇ ਵਲੀ ਆਫਰਿਆ ਹੋਇਆ ਸੀ। ਤਾਲਾਬ ਦਾ ਪਾਣੀ ਚਸ਼ਮੇ ਰਾਹੀ ਥੱਲੇ ਆ ਗਿਆ ਸੀ

ਵਲੀ ਨੂੰ ਇਕ ਤਾਂ ਮਰਦਾਨੇ ਉੱਤੇ ਗੁੱਸਾ ਸੀ ਅਤੇ ਹੁਣ ਜਦੋਂ ਤਾਲਾਬ ਵਿਚੋਂ ਪਾਣੀ ਮੁਕਦਾ ਵੇਖਿਆ ਤਾਂ ਉਸਦੇ ਗੁੱਸੇ ਰੂਪੀ ਅੱਗ ਤੇ ਤੇਲ ਪੈ ਗਿਆ ਭਾਂਭੜ ਮਚ ਗਿਆ ਅਤੇ ਵਲੀ ਆਪੇ ਤੋਂ ਬਾਹਰ ਹੋ ਗਿਆ

## ਮਨ ਮਹਿ ਕ੍ਰੋਧੁ ਮਹਾ ਅਹੰਕਾਰਾ

ਵਲੀ ਬੜਾ ਕ੍ਰੋਧਵਾਨ ਹੋਇਆ ਅਤੇ ਅਪਣੀ ਸ਼ਕਤੀ ਨਾਲ ਇਕ ਛੋਟੀ ਜਿਹੀ ਪਹਾੜੀ ਜਿੱਡਾ ਪੱਥਰ ਉਸ ਪਾਸੇ ਵਲ ਥੱਲੇ ਨੂੰ ਰੋੜ੍ਹ ਦਿੱਤਾ ਜਿਧਰ ਸ੍ਰੀ ਗੁਰ ਨਾਨਕ ਦੇਵ ਜੀ ਆਰਾਮ ਕਰ ਰਹੇ ਸਨ।

ਮਰਦਾਨੇ ਨੇ ਜਦੋਂ ਰਜ ਕੇ ਪਾਣੀ ਪੀ ਕੇ ਅੱਲਾ ਦੇ ਸ਼ੁਕਰਾਨੇ ਵਜੋਂ ਉੱਪਰ ਅਸਮਾਨ ਵਲ ਤੱਕਿਆ ਤਾਂ ਇਕ ਦਮ ਚਿੱਲਾ ਉਠਿਆ

## ਗੁਰੂ ਜੀ! ਗੁਰੂ ਜੀ! ਬਚਾਉ, ਅਉ ਵੇਖੋ।
## ਸਾਡੇ ਉੱਤੇ ਪਹਾੜੀ ਰਿੜ੍ਹਦੀ ਆ ਰਹੀ ਹੈ।
## ਹਾਏ ਹੁਣ ਮਰੇ।

ਸਤਿਗੁਰੂ ਜੀ ਨੇ ਮਰਦਾਨੇ ਨੂੰ ਧੀਰਜ ਦਿੰਦਿਆਂ ਕਿਹਾ, "ਮਰਦਾਨਿਆ, ਡਰ ਨਾ ਭਜਨ ਕਰ,"

## ਹੁਕਮੈ ਅੰਦਰਿ ਸਭ ਕੋ, ਬਾਹਰਿ ਹੁਕਮ ਨ ਕੋਇ।

ਉਹ ਪਹਾੜੀ ਰੂਪ ਪੱਥਰ ਉੱਤੋਂ ਤਾਂ ਬੜੀ ਤੇਜ਼ੀ ਨਾਲ ਗੜ ਗੜ ਕਰਦਾ ਰਿੜ੍ਹਦਾ ਆ ਰਿਹਾ ਸੀ ਪਰ ਜਦੋਂ ਸਤਿਗੁਰੂ ਜੀ ਦੇ ਨੇੜੇ ਆਇਆ ਤਾਂ ਸ੍ਰੀ ਸਤਿਗੁਰੂ ਜੀ ਦੇ ਸਤਿਕਾਰ ਵਜੋਂ ਬੜੇ ਅਦਬ ਨਾਲ ਹੌਲੀ ਹੌਲੀ ਰਿੜ੍ਹ ਕੇ ਸਤਿਗੁਰੂ ਜੀ ਦੇ ਚਰਨ ਪਰਸਣ ਹੀ ਲੱਗਾ ਸੀ ਕਿ ਸਤਿਗੁਰੂ ਜੀ ਨੇ ਅਸ਼ੀਰਵਾਦ ਦੇਂਦਿਆਂ ਆਪਣਾ ਪੰਜਾ ਛੁਆ ਕੇ ਰੁਕ ਜਾਣ ਦਾ ਇਸ਼ਾਰਾ ਕੀਤਾ ਹੁਕਮ ਅਨੁਸਾਰ ਉਹ ਪਹਾੜੀ ਰੂਪ ਪੱਥਰ ਸਤਿਗੁਰੂ ਜੀ ਨੂੰ ਛਾਂ ਦੇਣ ਲਈ ਇਕ ਛੱਤਰ ਦੀ ਤਰਾਂ ਉਲਰ ਕੇ ਅਟਕ ਗਿਆ।

ਦੂਜੇ ਪਾਸੇ ਜਦੋਂ ਪਹਾੜੀ ਉਪਰੋਂ ਵਲੀ ਨੇ ਥੱਲੇ ਵਲ ਝਾਤ ਮਾਰੀ ਤਾਂ ਸਤਿਗੁਰੂ ਜੀ ਆਪਣੇ ਰੰਗ ਵਿਚ ਮਸਤ ਦਿਖਾਈ ਦਿੱਤੇ ਅਤੇ ਪੱਥਰ ਵੀ ਸਤਿਗੁਰੂ ਜੀ ਉੱਤੇ ਛਤਰ ਦੀ ਤਰ੍ਹਾਂ

ਉਲਰਿਆ ਹੋਇਆ ਅਟਕਿਆ ਦਿਸਿਆ ।

ਹੁਣ ਵਲੀ ਦੇ ਅਹੰਕਾਰ ਦਾ ਕਿਲਾ ਚਕਨਾ ਚੂਰ ਹੋ ਗਿਆ ਸੋਝੀ ਹੋ ਗਈ ਕਿ ਇਹ ਕੋਈ ਜ਼ਰੂਰ ਵੱਡੀ ਤਾਕਤ ਦਾ ਮਾਲਕ ਹੈ

## ਅਬ ਹਮ ਚਲੀ ਠਾਕਰ ਪਹਿ ਹਾਰਿ

ਪਹਾੜੀ ਦੀ ਚੋਟੀ ਤੋਂ ਹੀ ਨੰਗੀ ਪੈਰੀਂ ਭੱਜਾ ਭੱਜਾ ਆਇਆ ਅਤੇ ਸਲਾਮ ਕਰ ਕੇ ਸਿਜਦਾ ਕੀਤਾ ਅਤੇ ਅੱਲਾ ਦਾ ਵਾਸਤਾ ਪਾ ਕੇ ਅਪਣੇ ਗੁਨਾਹ ਦੀ ਮੁਆਫ਼ੀ ਮੰਗੀ । ਵਲੀ ਦਾ ਗੁਮਾਨ ਤਾਂ ਜਾਂਦਾ ਰਿਹਾ ਸੀ ਪਰ ਸਤਿਗੁਰੂ ਜੀ ਨੇ ਉਸਨੂੰ ਸੱਚਾ ਗਿਆਨ ਦੇਂਦਿਆਂ ਸਮਝਾਇਆ ਕਿ ਵਲੀ ਜੀ ! ਫਕੀਰਾਂ ਨੂੰ ਇੰਨਾ ਕਠੋਰ ਨਹੀਂ ਹੋਣਾ ਚਾਹੀਦਾ

## ਕਬੀਰ ਸੰਤਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ।
## ਮਲਿਆਗਰ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ।

ਵਲੀ ਜੀ ਫਕੀਰਾਂ ਨੂੰ ਅਪਣਾ ਸੀਤਲ ਸੁਭਾਓ ਛੱਡਣਾ ਨਹੀਂ ਚਾਹੀਦਾ ਤੁਸੀਂ ਵੇਖੋ ਚੰਦਨ ਦਾ ਬੂਟਾ ਭਾਵੇਂ ਸੱਪਾਂ ਨਾਲ ਘਿਰਿਆ ਵੀ ਹੁੰਦਾ ਹੈ ਤਾਂ ਵੀ ਉਹ ਸੀਤਲਤਾ ਨਹੀਂ ਤਿਆਗਦਾ ।

ਸਤਿਗੁਰੂ ਜੀ ਦਾ ਸ਼ੁਭ ਉਪਦੇਸ਼ ਅਥਵਾ ਨੇਕ ਨਸੀਅਤ ਸੁਣ ਕੇ ਵਲੀ ਦਾ ਮਨ ਸ਼ਾਂਤ ਹੋ ਗਿਆ, ਚਿਤ ਦੀ ਬੇਚੈਨੀ ਦੂਰ ਹੋ ਗਈ ਅਹੰਕਾਰ ਦਾ ਕੰਡਾ ਨਿਕਲ ਗਿਆ ਅਤੇ ਬਾਰ ਬਾਰ ਸਿਜਦਾ ਕਰਦਿਆਂ ਅਪਣੇ ਗੁਨਾਹਾਂ ਦੀ ਮੁਆਫ਼ੀ ਮੰਗੀ

## ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ।
## ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖ ਲੇਹੁ ਸਰਨਾਇਓ ।

ਸ੍ਰੀ ਸਤਿਗੁਰੂ ਜੀ ਨੇ ਵਲੀ ਨੂੰ ਅਸ਼ੀਰਵਾਦ ਦਿੰਦਿਆਂ ਧੀਰਜ ਦਿੱਤੀ । ਫਿਰ ਵਲੀ ਸਤਿਗੁਰ ਜੀ ਦਾ ਸ਼ਰਧਾਲੂ ਬਣ ਗਿਆ ਅਤੇ ਹਉਮੈ ਤਿਆਗ ਕੇ ਲੋਕ ਸੇਵਾ ਕਰਨ ਲਗ ਪਿਆ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦਿੱਲੀ ਵੀ ਗਏ ਸਨ । ਉਨ੍ਹਾਂ ਦਿਨਾਂ ਵਿਚ ਦਿੱਲੀ ਦਾ ਬਾਦਸ਼ਾਹ ਸਿਕੰਦਰ ਲੋਧੀ ਇਸਲਾਮ ਧਰਮ ਦੇ ਵਾਧੇ ਲਈ ਬੜਾ ਅਤਿਆਚਾਰ ਕਰ ਰਿਹਾ ਸੀ । ਕਈ ਬੇਗੁਨਾਹ ਸਾਧੂਆਂ ਨੂੰ ਕਤਲ ਕਰਵਾ ਚੁੱਕਾ ਸੀ ਅਤੇ ਕਈਆਂ ਨੂੰ ਕੈਦ ਕੀਤਾ ਹੋਇਆ ਸੀ । ਸਤਿਗੁਰ ਜੀ ਨੇ ਬਾਦਸ਼ਾਹ ਨੂੰ ਸਿੱਧੇ ਰਾਹ ਪਾਉਣ ਵਾਸਤੇ ਇਥੇ ਵੀ ਇਕ ਕੌਤਕ ਕੀਤਾ ਸੀ । ਦਿੱਲੀ ਵਿਚ ਸ਼ਾਹੀ ਮਹਲਾਂ ਤੋਂ ਬਾਹਰ, ਬਾਦਸ਼ਾਹ ਦੀ ਸਵਾਰੀ ਵਾਲਾ ਹਾਥੀ ਮਰ ਗਿਆ ਸੀ । ਮਹਾਵਤ ਅਤੇ ਉਸਦਾ ਪਰਵਾਰ ਹਾਥੀ ਦੇ ਕੋਲ ਰੋ ਪਿਟ ਰਿਹਾ ਸੀ । ਮਹਾਵਤ ਤੇ ਤਰਸ ਕਰ ਸਤਿਗੁਰ ਜੀ ਨੇ ਮਹਾਵਤ ਨੂੰ ਧੀਰਜ ਦਿੰਦਿਆ ਆਖਿਆ ਕਿ ਤੂੰ ਫਿਕਰ ਨ ਕਰ ਤੇਰਾ ਹਾਥੀ ਮਰਿਆ ਨਹੀਂ ਸਤਿਗੁਰੂ ਜੀ ਦੇ ਬਚਨ ਕਰਨ ਦੀ ਦੇਰ ਸੀ ਕਿ ਹਾਥੀ ਹਿੱਲਣ ਜੁੱਲਣ ਲਗ ਪਇਆ ਅਤੇ ਹੌਲੀ ਹੌਲੀ ਖੜ੍ਹੋ ਕੇ ਤੁਰਨ ਫਿਰਨ ਵੀ ਲਗ ਪਇਆ । ਮਹਾਵਤ ਬਹੁਤ ਖੁਸ਼ ਹੋਇਆ ਅਤੇ ਸਾਰੇ ਸ਼ਹਿਰ ਵਿਚ ਖਬਰ ਫੈਲ ਗਈ ਕਿ ਇਕ ਹਿੰਦੂ ਸਾਧੂ ਨੇ ਮਰੇ ਹੋਏ ਹਾਥੀ ਨੂੰ ਜਿੰਦਾ ਕਰ ਦਿੱਤਾ ਹੈ । ਬੜੇ ਲੋਕ ਦਰਸ਼ਨ ਕਰਨ ਵਾਸਤੇ ਆਏ ਬਾਦਸ਼ਾਹ ਵੀ ਆ ਰਿਹਾ ਸੀ । ਸਬਬ ਨਾਲ ਮਹਲ ਦੇ ਕੋਲ ਹੀ ਸਤਿਗੁਰੂ ਜੀ ਨਾਲ ਮੇਲ ਹੋ ਗਿਆ । ਬਾਦਸ਼ਾਹ ਤਾਂ ਅਗੇ ਹੀ ਹਿੰਦੂ ਸਾਧੂਆਂ ਤੇ ਜ਼ੁਲਮ ਕਰ ਰਿਹਾ ਸੀ ਬਾਦਸ਼ਾਹ ਨੇ ਸਤਿਗੁਰ ਜੀ ਨੂੰ ਵੀ ਕੈਦ ਕਰਨ ਦਾ ਬਹਾਨਾ ਬਣਾ ਕੇ ਆਖਿਆ ਕੇ ਹਾਥੀ ਮੇਰੇ ਸਾਮ੍ਹਣੇ ਮਾਰ ਕੇ ਫਿਰ ਜਿਵਾਓ । ਸਤਿਗੁਰੂ ਜੀ ਨੇ ਕਹਿਆ ਕਿ ਮਾਰਨ ਜੀਵਾਲਣ ਵਾਲਾ ਆਪ ਕਰਤਾਰ ਹੈ ਕਿਸੇ ਮਨੁਖ ਦੇ ਹੱਥ ਨਹੀਂ

"ਹਮਰਾ ਕੀਆ ਕਛੂ ਨ ਹੋਇ ਕਰ ਹੈ ਰਾਮ ਹੁਵੈ ਹੈ ਸੋਇ"

ਹਾਲੀਂ ਇਹ ਗਲਾਂ ਬਾਤਾਂ ਹੋ ਹੀ ਰਹੀਆਂ ਸਨ ਕਿ ਹਾਥੀ ਡਿਗ ਪਿਆ ਅਤੇ ਮਰ ਗਿਆ ਬਾਦਸ਼ਾਹ ਹੈਰਾਨ ਤਾਂ ਹੋਇਆ ਪਰ ਸ਼ਾਹੀ ਹੱਠ ਕਰਕੇ ਆਖਿਆ ਕਿ ਹੁਣ ਇਸਨੂੰ ਜਿਵਾਓ ਨਹੀਂ ਤਾਂ ਬੰਦੀਖਾਨੇ ਕੈਦ ਕੀਤੇ ਜਾਓਗੇ । ਸਤਿਗੁਰੂ ਜੀ ਨੇ ਦਲੇਰੀ ਨਾਲ ਜਵਾਬ ਦਿੱਤਾ

**ਮਾਰੈ ਰਾਖੈ ਏਕੋ ਆਪਿ**
**ਮਾਨੁਖ ਕੈ ਕਿਛੁ ਨਾਹੀ ਹਾਥਿ**

ਅਥਵਾ

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ**

ਸਤਿਗੁਰ ਜੀ ਨੇ ਆਖਿਆ ਕਿ ਜੀਵਾਂ ਨੂੰ ਮਾਰਨ ਜੀਵਾਲਣ ਵਾਲਾ ਆਪ ਕਰਤਾਰ ਹੈ ਮੇਰੇ ਵਸ ਦੀ ਗਲ ਨਹੀਂ ਹੋਰ ਬੰਦੀ ਖਾਨੇ ਤੋਂ ਅਸੀਂ ਡਰਦੇ ਨਹੀਂ ਜਿਸ ਤਰਾਂ ਮਰਜ਼ੀ ਹੈ ਕਰ ਲੈ । ਬਾਦਸ਼ਾਹ ਨੇ ਕ੍ਰੋਧ ਨਾਲ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਹੁਣੇ ਹੀ ਬੰਦੀ ਖਾਨੇ ਬੰਦ ਕਰ ਦਿਓ । ਜਿੰਨਾ ਚਿਰ ਹਾਥੀ ਜਿੰਦਾ ਨਹੀਂ ਕਰਦੇ ਉਨਾਂ ਚਿਰ ਛੱਡਣਾ ਨਹੀਂ । ਸਿਪਾਹੀ, ਸਤਿਗੁਰੂ ਜੀ ਨੂੰ ਜਦੋਂ ਬੰਦੀਖਾਨੇ ਲਿਆਏ ਤਾਂ ਆਪ ਜੀ ਨੇ ਵੇਖਿਆ ਕਿ ਸੈਂਕੜੇ ਹਿੰਦੂ ਸਾਧੂ ਬੰਦੀ ਖਾਨੇ ਵਿਚ ਕੈਦ ਹਨ ਕਈ ਤਰਾਂ ਦੀਆਂ ਸਜ਼ਾਵਾਂ ਭੁਗਤ ਰਹੇ ਹਨ ਅਤੇ ਬੜੇ ਦੁਖੀ ਹੋ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

ਖੇਡ ਸਤਿਗੁਰੂ ਜੀ ਦੀ ਜਦੋਂ ਸਤਿਗੁਰੂ ਜੀ ਨੂੰ ਬੰਦੀ ਖਾਨੇ ਬੰਦ ਕੀਤਾ ਗਿਆ ਉਥੇ ਚਾਨਣ ਹੀ ਚਾਨਣ ਹੋ ਗਿਆ, ਕੈਦੀਆਂ ਦੀਆਂ ਹਥਕੜੀਆਂ ਸੰਗਲ ਆਦਿ ਅਪਣੇ ਆਪ ਹੀ ਟੁੱਟ ਗਏ ਸਭ ਸੁਖੀ ਹੋ ਗਏ । ਮੰਤਰੀਆਂ ਨੇ ਜਲਦੀ ਹੀ ਬਾਦਸ਼ਾਹ ਨੂੰ ਇਹ ਖਬਰ ਜਾ ਦੱਸੀ । ਬਾਦਸ਼ਾਹ ਨੂੰ ਅਗੇ ਹੀ ਸੁੱਤਿਆਂ ਪਿਆਂ ਬੜੇ ਭਿਆਨਕ ਸੁਪਨੇ ਆ ਰਹੇ ਸਨ । ਜਦੋਂ ਮੰਤਰੀਆਂ ਨੇ ਇਹ ਖਬਰ ਦਿੱਤੀ ਤਾਂ ਬਹੁਤ ਘਬਰਾਇਆ ਅਤੇ ਹੁਕਮ ਕੀਤਾ ਕਿ ਗੁਰੂ ਜੀ ਨੂੰ ਜਲਦੀ ਰਿਹਾ ਕਰੋ ਜਦੋਂ ਮੰਤਰੀਆਂ ਨੇ ਬਾਦਸ਼ਾਹ ਦੇ ਹੁਕਮ ਨਾਲ ਸਤਿਗੁਰ ਜੀ ਨੂੰ ਰਿਹਾ ਕਰਨਾ ਚਾਹਿਆ ਤਾਂ ਸਤਿਗੁਰੂ ਜੀ ਨੇ ਕਹਿਆ ਕਿ ਅਸਾਂ ਇਕੱਲਿਆਂ ਰਿਹਾ ਨਹੀਂ ਹੋਣਾ । ਜੇ ਸਾਨੂੰ ਰਿਹਾ ਕਰਨਾ ਜੇ ਤਾਂ ਬੰਦੀ ਖਾਨੇ ਵਿਚ ਕੈਦੀ ਸਾਰੇ ਸਾਧੂਆਂ ਨੂੰ ਰਿਹਾ ਕਰੋ । ਫਿਰ ਬਾਦਸ਼ਾਹ ਦੇ ਹੁਕਮ ਨਾਲ ਸਭ ਨੂੰ ਰਿਹਾ ਕੀਤਾ ਗਿਆ । ਉਨ੍ਹਾਂ ਸਤਿਗੁਰ ਜੀ ਦੀ ਬੜੀ ਉਪਮਾ ਕੀਤੀ ਅਤੇ ਬਾਦਸ਼ਾਹ ਨੇ ਵੀ ਸਤਿਗੁਰ ਜੀ ਦੇ ਚਰਨਾਂ ਤੇ ਡਿਗ ਕੇ ਖਿਮਾ ਮੰਗੀ । ਸਤਿਗੁਰ ਜੀ ਨੇ ਸੁਭ ਉਪਦੇਸ ਦੇ ਕੇ ਪਾਪ ਕਰਮਾਂ ਤੋਂ ਰੋਕਿਆ ਅਤੇ ਪਰਜਾ ਦੀ ਭਲਾਈ ਕਰਨ ਵਲ ਲਾਇਆ

ਬਾਦਸ਼ਾਹ ਸਿਕੰਦਰ ਲੋਧੀ ਦੀ ਮੌਤ ਪਿਛੋਂ ਉਸਦਾ ਪੁਤਰ ਇਬਰਾਹੀਮ ਤਖਤ ਤੇ ਬੈਠਾ । ਇਸ ਦੇ ਤਖਤ ਤੇ ਬਹਿਣ ਤੋਂ ਕੁਛ ਦੇਰ ਪਿਛੋਂ ਪਠਾਣ ਸਰਦਾਰਾਂ ਦੀ ਬੇਇਤਫਾਕੀ ਕਾਰਨ ਸਾਰੇ ਰਾਜ ਚ ਹਿਲ ਚੁਲ ਮਚ ਗਈ ਸੀ । ਮੌਕਾ ਤਾੜ ਕੇ ਮੁਗਲ ਬਾਦਸ਼ਾਹ ਬਾਬਰ ਨੇ ਹਿੰਦੁਸਤਾਨ ਤੇ ਚੜ੍ਹਾਈ ਕਰ ਦਿੱਤੀ । ਪਿਸ਼ਾਵਰ ਤੋਂ ਵਧਦਾ ਵਧਦਾ ਸੈਦਪੁਰ ਤਕ ਪਹੁੰਚ ਗਿਆ । ਇਥੋਂ ਮੁਗਲਾਂ ਦੀ ਅਤੇ ਪਠਾਣਾਂ ਦੀ ਲੜਾਈ ਹੋਈ

**ਮੁਗਲ ਪਠਾਣਾ ਭਈ ਲੜਾਈ**
**ਰਣ ਮਹਿ ਤੇਗ ਵਗਾਈ**
**ਉਨੀ ਤੁਪਕ ਤਾਣਿ ਚਲਾਈ**
**ਓਹਨਾਂ ਹਸਤ ਚੜ੍ਹਾਈ**

ਮੁਗਲ ਬੜੇ ਲੜਾਕੇ ਅਤੇ ਦਲੇਰ ਸਨ । ਪਠਾਣ ਭਾਵੇਂ ਆਕੜ ਖਾਂ ਤਾਂ ਬੜੇ ਸਨ ਪਰ ਮੁਗਲਾਂ ਦਾ ਮੁਕਾਬਲਾ ਨ ਕਰ ਸਕੇ । ਅਖੀਰ ਹਾਰ ਗਏ । ਮੁਗਲਾਂ ਨੇ ਸ਼ਹਿਰ ਨੂੰ ਫਤਹ ਕਰ ਕੇ ਲੁਟ ਮਾਰ ਮਚਾ ਦਿੱਤੀ । ਅਮੀਰਾਂ ਦੇ ਘਰ ਲੁਟੇ, ਸਾੜ ਫੂਕ ਕੀਤੀ ਅਤੇ ਇਸਤਰੀਆਂ ਦੀ ਨਿਰਾਦਰੀ ਵੀ ਕੀਤੀ ।

ਇਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਸੈਦਪੁਰ ਹੀ ਸਨ । ਉਨ੍ਹਾਂ ਭਾਈ ਲਾਲੋ ਜੀ ਨੂੰ ਇਸ ਲੜਾਈ ਬਾਰੇ ਪਹਿਲੋਂ ਦਸ ਕੇ ਉਸਦਾ ਡੇਰਾ ਸ਼ਹਿਰ ਤੋਂ ਦੂਰ ਕਰਾ ਦਿੱਤਾ ਸੀ । ਸ਼ਹਿਰ ਦੀ ਲੁਟ ਮਾਰ ਅਤੇ ਇਸਤਰੀਆਂ ਦੀ ਨਿਰਾਦਰੀ ਬਾਰੇ ਸ੍ਰੀ ਗ੍ਰੰਥ ਸਾਹਿਬ ਵਿਚ ਸ੍ਰੀ ਸਤਿਗੁਰੂ ਜੀ ਦਾ ਸ਼ਬਦ ਇਸ ਤਰਾਂ ਹੈ

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ ।
ਸੇ ਸਿਰ ਕਾਤੀ ਮੁੰਨੀਅਨਿ ਗਲਵਿਚਿ ਆਵੈ ਧੂੜਿ ।
ਮਹਲਾ ਅੰਦਰਿਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ।

ਜਿਥੇ ਇਸਤਰੀਆਂ ਦੀ ਇੰਨੀ ਨਿਰਾਦਰੀ ਹੋਈ ਉਥੇ ਸਾਧੂ ਸੰਤਾਂ ਦਾ ਵੀ ਲਿਹਾਜ਼ ਨ ਕੀਤਾ ਗਿਆ । ਮੁਗਲਾਂ ਨੇ ਸ਼ਹਿਰ ਦੇ ਹਾਕਮਾਂ, ਚੌਧਰੀਆਂ ਅਤੇ ਅਮੀਰਾਂ ਨੂੰ ਗਿਰਫਤਾਰ ਕਰਨ ਦੇ ਨਾਲ ਸਾਧੂਆਂ, ਮੁਖੀ ਪੰਡਤਾਂ ਅਤੇ ਫਕੀਰਾਂ ਨੂੰ ਗਿਰਫਤਾਰ ਕਰ ਲਿਆ ਗੁਰੂ ਜੀ ਵੀ ਗਿਰਫਤਾਰ ਕੀਤੇ ਗਏ । ਸਭ ਕੈਦੀਆਂ ਨੂੰ ਬਾਬਰ ਬਾਦਸ਼ਾਹ ਦੇ ਡੇਰੇ ਕੋਲ ਬਣੇ ਹੋਏ ਬੰਦੀ ਖਾਨੇ ਵਿਚ ਬੰਦ ਕੀਤਾ ਗਿਆ । ਕੈਦੀਆਂ ਨੂੰ ਆਟਾ ਪੀਹਣ ਵਾਸਤੇ ਚੱਕੀਆਂ ਅਤੇ ਦਾਣੇ ਦਿੱਤੇ ਗਏ । ਸਭ ਕੈਦੀ ਆਟਾ ਪੀਹਣ ਲਗ ਪਏ ਪਰ ਗੁਰੂ ਜੀ ਬੈਠੇ ਰਹੇ । ਉਨ੍ਹਾਂ ਦੀ ਚੱਕੀ ਅਪਣੇ ਆਪ ਚਲ ਰਹੀ ਸੀ । ਇਹ ਕੌਤਕ ਵੇਖਕੇ ਸੰਤਰੀ ਹੈਰਾਨ ਹੋਏ । ਉਨ੍ਹਾਂ ਨੇ ਬਾਦਸ਼ਾਹ ਨੂੰ ਜਾ ਦਸਿਆ । ਬਾਦਸ਼ਾਹ ਆਪ ਬੰਦੀ ਖਾਨੇ ਆਇਆ ਅਪਣੀ ਅੱਖੀਂ ਚੱਕੀ ਅਪਣੇ ਆਪ ਚਲਦੀ ਵੇਖਕੇ ਹੈਰਾਨ ਹੋਇਆ । ਫਿਰ ਬਾਬਰ ਦੇ ਅਤੇ ਗੁਰੂ ਜੀ ਦੇ ਸਵਾਲ ਜਵਾਬ ਹੋਏ

ਸਤਿਗੁਰੂ ਜੀ ਨੇ ਬਾਬਰ ਦੇ ਸਾਮ੍ਹਣੇ ਬਿਨਾਂ ਕਿਸੇ ਡਰ ਤੋਂ ਉਸਦੇ ਜ਼ੁਲਮ ਦੀ ਬੜੀ ਨਿੰਦਿਆ ਕੀਤੀ । ਸਤਿਗੁਰੂ ਜੀ ਦੇ ਸਾਰੇ ਬਚਨ ਸੁਣਕੇ ਅਪਣੇ ਕੀਤੇ ਹੋਏ ਜ਼ੁਲਮ ਕਾਰਨ ਬਾਬਰ ਕੰਬਣ ਲਗ ਪਇਆ । ਕੰਬਦੇ ਕੰਬਦੇ ਸਤਿਗੁਰੂ ਜੀ ਦੇ ਚਰਨਾਂ ਤੇ ਸਿਰ ਰਖ ਦਿੱਤਾ ਅਤੇ ਬੜੀ ਅਧੀਨਗੀ ਨਾਲ ਅਪਣੇ ਸਾਰੇ ਪਾਪਾਂ ਦੀ ਬਖਸ਼ਸ਼ ਮੰਗੀ । ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਭ ਕੈਦੀ ਛੱਡੇ ਗਏ ਸਭ ਇਸਤਰੀਆਂ ਨੂੰ ਸਤਿਕਾਰ ਸਹਿਤ ਉਨ੍ਹਾਂ ਦੀ ਘਰੀਂ ਪਹੁੰਚਾਇਆ ਗਿਆ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਤਾਂ ਅਨੇਕ ਹੀ ਹਨ ਪਰ ਵਧੇਰੇ ਗਿਆਨ ਨ ਹੋਣ ਕਰ ਕੇ ਚੋਖੀਆਂ ਸਾਖੀਆਂ ਨਹੀਂ ਲਿਖ ਸਕਦਾ

## ਗੁਰ ਕੇ ਜਸ ਹੈ ਸੈਲ ਨਿਬਾਤੇ
## ਮੈਂ ਚੀਟੀ ਕਿਆ ਚੁਕ ਹੌਂ ਤਾਂਤੇ

ਸ੍ਰੀ ਸਤਿਗੁਰੂ ਜੀ ਦਾ ਜਸ ਤਾਂ ਮਿਸਰੀ ਦਾ ਪਹਾੜ ਹੈ ਇਕ ਕੀੜੀ ਭਾਵੇਂ ਸਾਰੀ ਉਮਰ ਖਾਂਦੀ ਰਹੇ ਉਹ ਉਸ ਪਹਾੜ ਵਿਚੋਂ ਕਿੰਨੀ ਕੁ ਮਿਸਰੀ ਖਾ ਲੈ ਗੀ

## ਤੂ ਦਰੀਆਉ ਦਾਨਾ ਬੀਨਾ
## ਮੈ ਮਛੁਲੀ ਕੈਸੇ ਅੰਤੁ ਲਹਾ

ਮਛੀ ਵਿਚਾਰੀ ਨੂੰ ਕੀ ਪਤਾ ਹੈ ਕਿ ਸਮੁੰਦ੍ਰ ਕਿਡਾ ਵੱਡਾ ਹੈ ?

ਇਨ੍ਹਾਂ ਸਾਖੀਆਂ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਬਾਦਸ਼ਾਹ ਅਤੇ ਹਾਕਮ ਕਿਸ ਤਰਾਂ ਜ਼ੁਲਮ ਕਰ ਰਹੇ ਸਨ । ਸਤਿਗੁਰੂ ਜੀ ਨੇ ਉਨ੍ਹਾਂ ਦੇ ਜ਼ੁਲਮ ਦੇ ਖਿਲਾਫ ਸਿਰਫ ਆਵਾਜ਼ ਹੀ ਨਹੀਂ ਉਠਾਈ ਸਗੋਂ ਉਨ੍ਹਾਂ ਦੇ ਪਾਪ ਸਰੇ ਬਾਜ਼ਾਰ ਨੰਗੇ ਕਰਕੇ ਮੁਆਫੀਆਂ ਮੰਗਵਾਈਆਂ ਅਤੇ ਉਨ੍ਹਾਂ ਨੂੰ ਲੋਕ ਭਲਾਈ ਵਲ ਲਾਇਆ । ਇਹ ਵੀ ਪਤਾ ਲਗਦਾ ਹੈ ਕਿ ਕਿਸਤਰਾਂ ਪੰਡਿਤ ਅਤੇ ਪਾਧੇ ਲੋਕਾਂ ਨੂੰ ਪਾਖੰਡ ਕਰਨ ਵਲ ਲਾ ਰਹੇ ਸਨ ਅਤੇ ਭਰਮਾਂ ਦੇ ਜਾਲ ਵਿਚ ਫਸਾ ਰਹੇ ਸਨ । ਸਤਿਗੁਰੂ ਜੀ ਨੇ ਪਾਖੰਡ ਕਰਨ ਤੋਂ ਵਰਜਿਆ । ਇਹ ਵੀ ਪਤਾ ਲਗਦਾ ਹੈ ਕਿ ਕਿਸਤਰਾਂ ਕਾਜ਼ੀ ਮੁਲਾਂ ਅਤੇ ਪੀਰ ਜੰਤ੍ਰਾਂ ਮੰਤ੍ਰਾਂ ਅਤੇ ਤਵੀਤਾਂ ਰਾਹੀਂ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ ਸਤਿਗੁਰ ਜੀ ਨੇ ਉਨ੍ਹਾਂ ਨੂੰ ਸਿਧੇ ਰਾਹ ਪਾਇਆ । ਸਿੱਧ ਜੋਗੀ ਜਿਹੜੇ ਰਿੱਧੀਆਂ ਸਿੱਧੀਆਂ ਨਾਲ ਉੱਡ ਸਕਦੇ ਸਨ, ਛੁਪ ਸਕਦੇ ਸਨ ਕਈ ਕਈ ਦਿਨ ਭੁਖੇ ਪਿਆਸੇ ਰਹਿ ਸਕਦੇ ਸਨ, ਸਤਿਗੁਰ ਜੀ ਨੇ ਉਨ੍ਹਾਂ ਨੂੰ "ਰਿਧਿ ਸਿਧਿ ਅਵਰਾ ਸਾਦ" ਦਸਕੇ ਮਾਨ ਮਾਇਆ ਨੂੰ ਤਿਆਗਣ ਦਾ ਉਪਦੇਸ਼ ਦਿੱਤਾ । ਜੋਗੀਆਂ ਨੂੰ ਕਹਿਆ

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ।
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ।
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ।
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ।
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ।
ਨਾਨਕ ਬਿਨੁ ਗੁਰ ਮੂਆ ਜਨਮੁ ਹਾਰਿ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦਾ ਸਿਧਾਂਤ ਕਿਸੇ ਧਰਮ ਨੂੰ ਖੰਡਨ ਦਾ ਨਹੀਂ ਹੈ। ਇਹ ਜ਼ਰੂਰ ਹੈ ਕਿ ਜੇ ਮੁਸਲਮਾਨ ਹੈ ਤਾਂ ਸਚਾ ਮੁਸਲਮਾਨ ਬਣੇ ਅਤੇ ਜੇ ਹਿੰਦੂ ਹੈ ਤਾਂ ਸਚਾ ਹਿੰਦੂ ਬਣੇ

ਉਨ੍ਹਾਂ ਦਾ ਸਾਂਝਾ ਉਪਦੇਸ਼ ਇਹ ਹੈ

ਗੁਰ ਕੀ ਮਤਿ ਤੂੰ ਲੇਹਿ ਇਆਨੇ ।
ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਮਤ ਕੋ ਭਰਮਿ ਭੁਲੈ ਸੰਸਾਰਿ ।
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮੁ ਨ ਜਾਈ

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ
ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ
ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# "ਸ੍ਰੀ ਆਦਿ ਗ੍ਰੰਥ ਸਾਹਿਬ ਜੀ"

ਐਸਾ ਗ੍ਰੰਥ ਹੈ ਜਿਸ ਵਿਚ ਨਿਰੋਲ ਸਚਾਈ ਅਥਵਾ ਗੁਰਮਤ ਦਾ ਉਪਦੇਸ਼ ਦਿੱਤਾ ਗਿਆ ਹੈ । 'ਇਸ ਵਿਚ ਗੁਰੂ ਸਾਹਿਬਾਨ ਜੀ ਤੋਂ ਬਿਨਾ ਭਗਤਾਂ ਅਤੇ ਭੱਟਾਂ ਦੀ ਵੀ ਬਾਣੀ ਹੈ । ਸੱਤੇ ਬਲਵੰਡ ਦੀ ਵਾਰ' ਅਤੇ ਬਾਬੇ ਸੁੰਦਰ ਜੀ ਦੀ ਬਾਣੀ ਸੱਦ' ਵੀ ਹੈ । ਭਾਵੇਂ ਉਸ ਸਮੇਂ ਦੇ ਹੋਰ ਵੀ ਕਈ ਕਵੀ ਆਪਣੀ ਬਾਣੀ ਇਸ ਗ੍ਰੰਥ ਸਾਹਿਬ ਵਿਚ ਦਰਜ ਕਰਵਾਉਣ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਏ ਸਨ ਪਰ ਉਨ੍ਹਾਂ ਦੀ ਬਾਣੀ ਗੁਰਮਤ ਦੇ ਅਸੂਲ ਮੁਤਾਬਕ ਨਾ ਹੋਣ ਕਰਕੇ ਪ੍ਰਵਾਨ ਨਹੀਂ ਸੀ ਕੀਤੀ ਗਈ । ਜਿਨ੍ਹਾਂ ਭਗਤਾਂ ਦੀ ਬਾਣੀ ਇਸ ਵਿਚ ਦਰਜ ਹੈ ਉਨ੍ਹਾਂ ਦੀ ਜਾਤ ਪਾਤ ਦਾ ਲਿਹਾਜ਼ ਨਹੀਂ ਸੀ ਕੀਤਾ ਗਿਆ ਭਾਵੇਂ ਉਹ ਹਿੰਦੂ ਸੀ ਜਾਂ ਮੁਸਲਮਾਨ ਸੀ, ਭਾਵੇਂ ਉਹ ਬ੍ਰਾਹਮਣ ਸੀ ਜਾਂ ਚਮਾਰ ਸੀ। ਸਿਰਫ਼ ਸੱਚ ਦੀ ਪਰਖ ਕੀਤੀ ਗਈ ਸੀ । ਗੁਰੂ ਸਾਹਿਬਾਨ ਜੀ ਅਤੇ ਭਗਤਾਂ ਨੇ ਬਾਣੀ ਲਿਖਣ ਲੱਗਿਆਂ ਕਿਸੇ ਬਾਦਸ਼ਾਹ ਜਾਂ ਹਾਕਮ ਦਾ ਡਰ ਨਹੀਂ ਸੀ ਕੀਤਾ, ਕਿਸੇ ਜਾਗੀਰ ਦਾ ਲਾਲਚ ਨਹੀਂ ਸੀ ਕੀਤਾ ਅਤੇ ਨਾ ਹੀ ਕਿਸੇ ਮਾਨ ਅਥਵਾ ਸੋਭਾ ਦੀ ਪਰਵਾਹ ਕੀਤੀ ਸੀ, ਉਨ੍ਹਾਂ ਨਿਰੋਲ ਸਚਾਈ ਲਿਖ ਦਿੱਤੀ ਸੀ ।

## ਜੈਸੀ ਮੈ ਆਵੈ ਖਸਮ ਕੀ ਬਾਣੀ
## ਤੈਸੜਾ ਕਰੀ ਗਿਆਨੁ ਵੇ ਲਾਲੋ ।

ਅਜ ਸਾਰੇ ਸਿਖ ਇਸ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਹਨ । ਕੋਈ ਗੁਰੂ ਕਰਕੇ ਪੂਜਦਾ ਹੈ ਅਤੇ ਕੋਈ ਗੁਰੂ ਸਾਹਿਬਾਨ ਜੀ ਦੀ ਬਾਣੀ ਕਰਕੇ ਸਿਰ ਨਿਵਾਂਉਂਦਾ ਹੈ ਸਿੱਖਾਂ ਤੋਂ ਬਿਨਾਂ ਦੂਜੇ ਧਰਮਾਂ ਵਾਲੇ ਵੀ ਸਿਰ ਨਿਵਾ ਕੇ ਸਤਿਕਾਰ ਕਰਦੇ ਹਨ । ਇਥੋਂ ਤਕ ਕਿ ਭਾਰਤ ਦੇ ਰਾਸ਼ਟਰਪਤੀ ਜੀ ਵੀ ਇਸ ਗ੍ਰੰਥ ਸਾਹਿਬ ਜੀ ਦੀ ਉਸਤਤ ਕਰਦੇ ਹਨ।

ਲਿਖਣ ਦਾ ਭਾਵ ਹੈ ਕਿ ਇਸ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ।

ਇਸ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲਾਂ ਸ੍ਰੀ ਸਤਿਗੁਰ ਨਾਨਕ ਦੇਵ ਜੀ ਦੀ ਬਾਣੀ "**ਜਪੁ ਜੀ ਸਾਹਿਬ**" ਹੈ ਅਤੇ ਜਪੁ ਜੀ ਸਾਹਿਬ ਦੇ ਆਰੰਭ ਵਿਚ ਇਹ ਲਿਖਿਆ ਹੈ :-

# ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ

# ਗੁਰ ਪ੍ਰਸਾਦਿ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਅਕਾਲ ਪੁਰਖ ਅਥਵਾ ਪਰਮਾਤਮਾ ਦਾ ਮੰਗਲਾ ਚਰਣ ਕੀਤਾ ਹੈ ਅਤੇ ਅਖੀਰ ਤੇ ਇਹ ਮੁਹਰ ਲਾ ਦਿੱਤੀ ਹੈ ਕਿ ਅਕਾਲ ਪੁਰਖ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ ਭਾਵ ਅਕਾਲ ਪੁਰਖ ਦੀ ਪਰਾਪਤੀ ਦਾ ਵਸੀਲਾ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ

ਹੁਣ ਵਿਚਾਰ ਇਹ ਕਰਨੀ ਹੈ ਕਿ ਗੁਰੂ ਕੈਸਾ ਹੋਵੇ ?

ਸਾਖੀਆਂ ਪੜ੍ਹਨ ਤੋਂ ਇਹ ਪਤਾ ਲਗਦਾ ਹੈ ਕਿ ਅਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ ਪੰਡਿਤ ਅਤੇ ਪਾਧੇ ਕਿਸ ਤਰ੍ਹਾਂ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ

## ਪੂਜਾ ਤਿਲਕ ਕਰਤ ਇਸਨਾਨਾ
## ਛੁਰੀ ਕਾਢਿ ਲੇਵੈ ਹਥਿ ਦਾਨਾ
## ਬੇਦੁ ਪੜੈ ਮੁਖਿ ਮੀਠੀ ਬਾਣੀ
## ਜੀਆਂ ਕੁਹਤ ਨ ਸੰਗੈ ਪਰਾਣੀ

ਦੂਜੇ ਪਾਸੇ ਅਪਣੇ ਆਪ ਨੂੰ ਪੀਰ ਅਖਵਾਉਣ ਵਾਲੇ ਛੋਟੀ ਛੋਟੀ ਗੱਲਾਂ ਤੇ ਰੰਜ ਹੋ ਕੇ ਸਾਰਾ ਸ਼ਹਿਰ ਹੀ ਗਰਕ ਕਰਨ ਲਈ ਤਿਆਰ ਹੋ ਜਾਂਦੇ ਸਨ ਅਤੇ ਕਿਸੇ ਦੂਜੇ ਗੁਰੂ ਦੀ ਉਸਤਤ ਨ ਸਹਾਰਦੇ ਹੋਏ ਇਕ ਘੁਟ ਪਾਣੀ ਵੀ ਦੇਣ ਲਈ ਤਿਆਰ ਨਹੀਂ ਸਨ ਸਗੋਂ ਉਲਟਾ ਪਹਾੜ ਤੋਂ ਵਡੇ ਵਡੇ ਪੱਥਰ ਰੋੜ੍ਹ ਕੇ ਲੋਕਾਂ ਨੂੰ ਮਾਰਨ ਲਈ ਤਿਆਰ ਸਨ।

ਇਹੋ ਜੇਹੇ ਗੁਰੂਆਂ ਅਤੇ ਪੀਰਾਂ ਕੋਲੋਂ ਬਚਣ ਲਈ ਹੀ ਲਿਖਿਆ ਹੈ

## ਅੰਧੇ ਗੁਰ ਤੇ ਭਰਮੁ ਨ ਜਾਈ

ਅਥਵਾ

## ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ।

[illegible]

ਇਹੋ ਜੇਹੇ ਗੁਰੂਆਂ ਸੰਤਾਂ, ਪੀਰਾਂ ਨੂੰ ਚੰਗੀ ਤਰਾਂ ਵੇਖਕੇ ਹੀ
ਭੱਟ ਭਿਖਿਆ ਜੀ ਲਿਖਦੇ ਹਨ

ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ
ਬਰਸੁ ਏਕ ਹਉ ਫਿਰਿਓ ਕਿਨੈ ਨਹੁ ਪਰਚਉ ਲਾਇਓ
ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਇਓ

ਜੇ ਇਹ ਜੇਹੀ ਗਲ ਹੈ ਤਾਂ ਫਿਰ ਗੁਰੂ ਕੈਸਾ ਹੋਵੇ ?
ਉਤੱਰ ਇਸ ਪ੍ਰਕਾਰ ਹੈ

ਰੇ ਮਨ ਐਸਾ ਸਤਿਗੁਰੁ ਖੋਜਿ ਨਹੁ
ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ

ਐਸੇ ਸਤਿਗੁਰੂ ਦਾ ਪਤਾ ਕਿਸ ਤਰਾਂ ਲਗੇਗਾ ?
ਇਸ ਦਾ ਉੱਤਰ ਹੈ

ਜਿਸੁ ਮਿਲਿਐ ਮਨਿ
ਹੋਇ ਅਨੰਦੁ
ਸੋ ਸਤਿਗੁਰੁ ਕਹੀਐ

NO. ____________

DATE ____________

ਅਖੰਡ

# ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ

ਤੁਕ

# ਬ੍ਰਹਮ ਬਿੰਦੇ ਸੋ ਸਤਿਗੁਰੁ ਕਹੀਐ
# ਹਰਿ ਹਰਿ ਕਥਾ ਸੁਣਾਵੈ

ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥
ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥
ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥
ਸੋ ਸਤਿਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥

ਹੁਣ ਵਿਚਾਰ ਕਰਨੀ ਹੈ ਕਿ ਉਹ ਕਿਹੜਾ ਸਤਿਗੁਰ ਹੈ ਜਿਹੜਾ ਬਾਦਸ਼ਾਹਾਂ, ਰਾਜਿਆਂ ਅਤੇ ਹਾਕਮਾਂ ਨੂੰ ਜ਼ੁਲਮ ਕਰਨ ਤੋਂ ਤੋਬਾ ਕਰਾਕੇ ਲੋਕ ਸੇਵਾ ਵਲ ਲਾ ਸਕੇ ? ਉਹ ਕਿਹੜਾ ਸਤਿਗੁਰ ਹੈ ਜਿਹੜਾ ਪੰਡਿਤਾਂ ਪਾਂਧਿਆਂ, ਪੀਰਾਂ, ਫ਼ਕੀਰਾਂ ਨੂੰ ਪਾਖੰਡਾਂ ਕਰਮਾਂ ਅਤੇ ਵਹਿਮਾਂ ਤੋਂ ਮੁਕਤ ਕਰ ਸਕੇ ? ਉਹ ਕਿਹੜਾ ਸਤਿਗੁਰ ਹੈ ਜਿਹੜਾ ਰਿੱਧੀਆਂ ਸਿੱਧੀਆਂ ਦੇ ਮਾਲਕ ਸਿੱਧਾਂ ਅਤੇ ਜੋਗੀਆਂ ਦੇ ਹੰਕਾਰ ਨੂੰ ਤੋੜ ਕੇ ਸਮਾਜ ਦੀ ਸੇਵਾ ਵਲ ਲਾ ਸਕੇ ? ਉਹ ਕਿਹੜਾ ਸਤਿਗੁਰ ਹੈ ਜਿਹੜਾ ਸਮਾਜ ਵਿਚੋਂ ਕੁਰੀਤੀਆਂ ਦੂਰ ਕਰ ਸਕੇ ? ਉਹ ਕਿਹੜਾ ਸਤਿਗੁਰ ਹੈ ਜਿਹੜਾ ਸਮਾਜ ਦੀ ਅਧੀ ਆਬਾਦੀ ਔਰਤ ਜਾਤੀ ਦੀ ਸ਼ਾਨ ਨੂੰ ਬਰਕਰਾਰ ਰਖ ਸਕੇ ? ਉਹ ਕਿਹੜਾ ਸਤਿਗੁਰ ਹੈ ਜਿਹੜਾ ਬ੍ਰਾਹਮਣਾਂ ਖਤਰੀਆਂ ਅਤੇ ਸ਼ੂਦਰਾਂ ਨੂੰ ਅਪਣੇ ਅਪਣੇ ਧਰਮ ਦੀ ਪਾਲਣਾ ਕਰਦਿਆਂ ਦੇਸ਼ ਦੀ ਸੇਵਾ ਵਲ ਲਾ ਸਕੇ ? ਉਹ ਕਿਹੜਾ ਸਤਿਗੁਰ ਹੈ ਜਿਹੜਾ ਪਰਮਾਤਮਾ ਤੋਂ ਵਿਛੜੇ ਹੋਏ ਜੀਵਾਂ ਨੂੰ ਫਿਰ ਪਰਮਾਤਮਾ ਨੂੰ ਮਿਲਣ ਦਾ ਆਸਾਨ ਰਸਤਾ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ' ਦਸ ਸਕੇ ?

ਇਨ੍ਹਾਂ ਸਾਰਿਆਂ ਸੁਆਲਾਂ ਦਾ ਜਵਾਬ ਕੇਵਲ

# ਸ੍ਰੀ ਸਤਿਗੁਰੂ ਨਾਨਕ ਦੇਵ ਜੀ ਹੈ

ਕਿਉਂ ਜੋ

# ਸਤਿਗੁਰ ਵਿਚਿ ਆਪੁ ਰਖਿਓਨੁ

ਅਨੁਸਾਰ ਅਕਾਲ ਪੁਰਖ ਖੁਦ ਆਪ ਸਤਿਗੁਰੂ ਨਾਨਕ ਦੇਵ ਜੀ ਵਾਲੇ ਸਰੀਰ ਵਿਚ ਸੀ ਸੁਸ਼ੋਭਤ

Sri Satguru Jagjit Singh Ji Elibrary NamdhariElibrary@gmail.com

ਸਾਧ ਸੰਗਤ ਜੀ, ਗੁਰਮਤ ਅਨੁਸਾਰ, ਕਿਸੇ ਦੇਵੀ ਦੇਵਤੇ ਦੀ ਮੂਰਤੀ ਭਾਵੇਂ ਉਹ ਹੀਰਿਆਂ ਮਣੀਆਂ ਨਾਲ ਵੀ ਜੜੀ ਹੋਈ ਹੋਵੇ, ਕੋਈ ਤੀਰਥ ਭਾਵੇਂ ਉਹ ਹਰਿਦਵਾਰ ਜਾਂ ਜਗਨ ਨਾਥ ਪੁਰੀ ਹੋਵੇ, ਕੋਈ ਨਦੀ ਭਾਵੇਂ ਗੰਗਾ ਜੈਸੀ ਪਵਿੱਤ੍ਰ ਵੀ ਕਿਉਂ ਨ ਹੋਵੇ, ਕੋਈ ਮੜੀ ਜਾਂ ਕਬਰ ਭਾਵੇਂ ਉਹ ਕਿਸੇ ਵਡੇ ਮਹਾਂਪੁਰਖ ਦੀ ਵੀ ਹੋਵੇ, ਕੋਈ ਮੰਦਰ ਮਸਜਦ ਜਾਂ ਗੁਰਦੁਆਰਾ, ਕੋਈ ਵੇਦ ਸ਼ਾਸਤ੍ਰ ਜਾਂ ਹੋਰ ਕੋਈ ਗ੍ਰੰਥ, ਗੁਰੂ ਨਹੀਂ ਹੋ ਸਕਦਾ। ਇਥੇ ਕਿਸੇ ਦੀ ਨਿੰਦਿਆ ਨਹੀਂ

## ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬੀਚਾਰੈ

ਵਿਚਾਰ ਇਹ ਹੈ

## ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨ ਹਠਿ ਤੀਰਥ ਜਾਹਿ।
## ਦੇਖਾ ਦੇਖੀ ਸ੍ਵਾਂਗੁ ਧਰਿ, ਭੂਲੇ ਭਟਕਾ ਖਾਹਿ।
## ਕਬੀਰ ਪਾਹਨੁ ਪਰਮੇਸੁਰੁ ਕੀਆ, ਪੂਜੈ ਸਭੁ ਸੰਸਾਰੁ।
## ਇਸ ਭਰਵਾਸੇ ਜੋ ਰਹੇ, ਬੂਡੇ ਕਾਲੀ ਧਾਰ।
## ਕਬੀਰ ਕਾਗਦ ਕੀ ਓਬਰੀ, ਮਸੁ ਕੇ ਕਰਮ ਕਪਾਟ।
## ਪਾਹਨ ਬੋਰੀ ਪਿਰਥਮੀ, ਪੰਡਿਤ ਪਾੜੀ ਬਾਟ।

ਇਥੇ ਸ੍ਰੀ ਕਬੀਰ ਜੀ ਗੁਰਮਤ ਬਾਰੇ ਦਸ ਰਹੇ ਹਨ ਕਿ ਪੱਥਰ ਦੀ ਮੂਰਤੀ ਮੁਲ ਲੈ ਕੇ ਪੂਜਣ ਨਾਲ ਜਾਂ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨਾਲ ਪਰਮੇਸਰ ਦੀ ਪਰਾਪਤੀ ਨਹੀਂ ਹੁੰਦੀ ਇਹ ਇਕ ਦੁਨਿਆਵੀ ਚਾਲ ਹੈ, ਫਿਰ ਵੀ ਜੇ ਕੋਈ ਹਠ ਕਰਕੇ ਇਹ ਨਿਸਚਾ ਰਖੇ ਕਿ ਮੈਂ ਭਵਸਾਗਰ ਤੇ ਪਾਰ ਹੋ ਜਾਵਾਂਗਾ ਤਾਂ ਇਹ ਉਸਨੂੰ ਇਕ ਭੁਲੇਖਾ ਹੀ ਹੈ। ਉਸਨੂੰ ਵਿਚਾਰਨਾ ਚਾਹੀਦਾ ਹੈ ਕਿ ਇਹੋ ਜਿਹੇ ਕੰਮ ਉਸਨੂੰ ਪਾਰ ਕਰਨ ਦੀ ਬਜਾਏ ਡੋਬ ਦੇਣਗੇ। ਕਬੀਰ ਜੀ ਆਖਦੇ ਹਨ ਕਿ ਮੂਰਤੀ ਪੂਜਕਾਂ ਨੇ ਤਾਂ ਧਰਤੀ ਡੋਬ ਦਿੱਤੀ ਹੈ ਅਤੇ ਵੇਦਾਂ, ਸ਼ਾਸਤਰਾਂ ਅਤੇ ਹੋਰ ਗ੍ਰੰਥਾਂ ਦੇ ਆਸਰੇ ਪੰਡਿਤ ਅਥਵਾ ਪਰਚਾਰਕ ਦੁਨੀਆਂ ਨੂੰ ਲੁਟ ਰਹੇ ਹਨ।

ਦੇਵੀਆਂ ਅਤੇ ਦੇਵਤਿਆਂ ਦੀ ਪੂਜਾ ਕਰਨ ਵਾਸਤੇ
ਜਿਹੜੇ ਜੀਵ ਹੱਤਿਆ ਕਰਦੇ ਹਨ ਉਨ੍ਹਾਂ ਨੂੰ ਤਾੜਦੇ ਹੋਏ ਸ੍ਰੀ ਕਬੀਰ ਜੀ ਲਿਖਦੇ ਹਨ

**ਸਰਜੀਉ ਕਾਟਹਿ, ਨਿਰਜੀਉ ਪੂਜਹਿ, ਅੰਤਕਾਲ ਕਉ ਭਾਰੀ।**

ਫਿਰ ਲਿਖਦੇ ਹਨ

**ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ**

ਇਸੇ ਭਰਮ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਪੱਸ਼ਟ ਕਰ ਕੇ ਲਿਖਦੇ ਹਨ :-

**ਕਹਾ ਭਯੋ ਜੋ ਅਤਿ ਹਿਤ ਚਿਤ ਕਰਿ, ਬਹੁ ਬਿਧਿ ਸਿਲਾ ਪੁਜਾਈ।**
**ਪਾਨ ਥਕੇ ਪਾਹਨ ਕਹ ਪਰਸਤ ਕਛੁ ਕਰਿ ਸਿੱਧਿ ਨ ਆਈ।**
**ਅਛਤ ਧੂਪ ਦੀਪ ਅਰਪਤ ਹੈ, ਪਾਹਨ ਕਛੂ ਨ ਖੈ ਹੈ।**
**ਤਾ ਮੈ ਕਹਾ ਸਿਧਿ ਹੈ ਰੇ ਜੜ੍ਹ, ਤੋਹਿ ਕਹਾ ਬਰ ਦੈ ਹੈ।**

ਤੁਸੀਂ ਆਪ ਹੀ ਵਿਚਾਰ ਕਰੋ ਕਿ ਜਿਹੜਾ ਆਪ ਹੀ ਨਿਰਜੀਉ ਹੋਵੇ, ਉਸਨੇ ਦੂਜਿਆਂ ਨੂੰ ਕੀ ਸਿਖਿਆ ਦੇਣੀ ਹੈ ਅਤੇ ਕੀ ਵਰ ਦੇਣਾ ਹੈ ? ਇਸੇ ਲਈ ਤਾਂ ਸ੍ਰੀ ਗੁਰੂ ਰਾਮ ਦਾਸ ਜੀ ਲਿਖਦੇ ਹਨ :-

**ਨਿਰਜੀਉ ਪੂਜਹਿ ਮੜਾ ਸਰੇਵਹਿ, ਸਭ ਬਿਰਥੀ ਘਾਲ ਗਵਾਵੈ**

ਸ੍ਰੀ ਗੁਰੂ ਰਾਮ ਦਾਸ ਜੀ ਜਿਥੇ ਨਿਰਜੀਉ ਦੀ ਪੂਜਾ ਬਿਰਥੀ ਦਸਦੇ ਹਨ, ਉਥੇ ਜਗਿਆਸੂਆਂ ਨੂੰ ਅਸਲੀਅਤ ਦਸਦੇ ਹਨ ਕਿ ਬਾਣੀ

**ਸਤਿਗੁਰੁ ਦੇਉ**
**ਪਰਤਖਿ ਹਰਿ ਮੂਰਤਿ**
**ਜੋ ਅੰਮ੍ਰਿਤ ਬਚਨ ਸੁਣਾਵੈ।**

ਭਾਵ ਇਹ ਹੈ ਕਿ ਨਿਰਜੀਵ ਪੱਥਰ ਦੀ ਮੂਰਤੀ ਜਾਂ ਹੋਰ ਕੋਈ ਨਿਰਜੀਉ ਚੀਜ਼ ਪਰਮੇਸ਼ਰ (ਹਰਿ) ਦੀ ਮੂਰਤੀ ਨਹੀਂ ਹੁੰਦੀ। ਹਰਿ (ਪਰਮੇਸ਼ਰ) ਦੀ ਪਰਤੱਖ ਮੂਰਤਿ ਸ੍ਰੀ ਸਤਿਗੁਰੂ ਜੀ ਹੁੰਦੇ ਹਨ ਜੋ ਆਪਣੇ ਮੁਖਾਰਬਿੰਦ ਤੋਂ ਉਚਾਰਕੇ ਸ਼ੁਭ ਸਿਖਿਆ ਰੂਪੀ ਅੰਮ੍ਰਿਤ ਬਖਸ਼ਦੇ ਹਨ। ਇਸੇ ਲਈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ :-

## ਗੁਰ ਗੋਬਿੰਦ, ਗੋਪਾਲ ਗੁਰ, ਗੁਰ ਪੂਰਨ ਨਾਰਾਇਣਹ।
## ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਰਣਹ

ਸ੍ਰੀ ਗੁਰੂ ਰਾਮ ਦਾਸ ਜੀ ਜਿਥੇ ਨਿਰਜੀਉ ਦੀ ਪੂਜਾ ਬਿਰਥੀ ਦਸਦੇ ਹਨ ਉਥੇ ਇਹ ਫੁਰਮਾਉਂਦੇ ਹਨ ਕਿ ਹਰਿ ਦੀ ਪਰਤੱਖ ਮੂਰਤ ਸਤਿਗੁਰ ਦੀ ਸੇਵਾ ਇਕ ਅਤੁਟ ਪੁੰਨ ਹੁੰਦਾ ਹੈ

## ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ
## ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ,
## ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।

ਭਾਵ ਹਰਿ ਰੂਪ ਸਤਿਗੁਰੂ ਜੀ ਨੂੰ ਪ੍ਰੇਮ ਸਹਿਤ ਪਰਸ਼ਾਦ ਛਕਾਉਣ ਅਤੇ ਬਸਤਰ ਆਦਿ ਨਾਲ ਸੇਵਾ ਕਰਨ ਦੇ ਪੁੰਨ ਦੀ ਕਦੇ ਤੋਟ ਨਹੀਂ ਆਉਂਦੀ।
ਸ੍ਰੀ ਗੁਰੂ ਰਾਮ ਦਾਸ ਜੀ ਜਿਸ ਸਤਿਗੁਰੂ ਨੂੰ ਹਰਿ ਦੀ ਪਰਤੱਖ ਮੂਰਤ ਦਸਦੇ ਹਨ ਉਸ ਸਤਿਗੁਰੂ ਦੀ ਪੱਕੀ ਨਿਸ਼ਾਨੀ ਦੱਸਣ ਦੀ ਵੀ ਕਿਰਪਾ ਕਰਦੇ ਹਨ

## ਬ੍ਰਹਮ ਬਿੰਦੇ ਸੋ ਸਤਿਗੁਰੁ ਕਹੀਐ
## ਹਰਿ ਹਰਿ ਕਥਾ ਸੁਣਾਵੈ

ਸ੍ਰੀ ਸਤਿਗੁਰੂ ਰਾਮ ਦਾਸ ਜੀ ਇਸ ਸ਼ਬਦ ਵਿਚ ਇਸ ਸਚਾਈ ਤੇ ਪੱਕੀ ਮੋਹਰ ਲਾਉਂਦੇ ਹਨ ਕਿ ਸਤਿਗੁਰ ਨਿਰਜੀਉ ਨਹੀਂ ਹੁੰਦਾ

## ਸਤਿਗੁਰੂ ਹਮੇਸ਼ਾ ਦੇਹਧਾਰੀ ਹੁੰਦਾ ਹੈ

ਹੁਣ ਸਵਾਲ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਸਿਰਫ਼ ਸੰਮਤ 1526 ਤੋਂ ਲੈ ਕੇ ਸੰਮਤ 1765 ਤਕ ਹੀ ਲੋੜ ਸੀ ?

ਇਤਿਹਾਸਕਾਰ ਜਿਨ੍ਹਾਂ ਕਾਰਣਾਂ ਕਰਕੇ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਲਿਖਦੇ ਹਨ ਉਹ ਤਾਂ ਅਜ ਵੀ ਹਨ ਜਰਾ ਸ੍ਰ. ਨਿਰੰਜਨ ਸਿੰਘ ਜੀ ਤਾਂਘੀ ਦੀ ਕਵਿਤਾ ਵਿਚੋਂ ਕੁਝ ਕੁ ਸਤਰਾਂ ਪੜ੍ਹ ਕੇ ਵੇਖੋ

ਲੁਟ ਮਾਰ ਦਾ ਹਰ ਜਗਾ ਹੋਇਆ ਗਰਮ ਬਾਜ਼ਾਰ ।
ਚੋਰੀ ਯਾਰੀ ਠਗੀ ਦੀ ਹਰ ਪਾਸੇ ਭਰਮਾਰ ।
ਅਗੇ ਤਾਂ ਸੀ ਇਕ ਠਗ ਸਜਣ ਦਿਤਾ ਤਾਰ ।
ਹੁਣ ਤਾਂ ਆਵਾ ਹੀ ਊਤਿਆ ਸਭ ਦਾ ਇਹੋ ਵਿਹਾਰ ।
ਬਣੇ ਫਿਰਨ ਜੋ ਜਗ ਵਿਚ ਅਮਨ ਦੇ ਠੇਕੇਦਾਰ ।
ਅੰਦਰੋਂ ਅੰਦਰ ਲਾ ਰਹੇ ਬੰਬਾਂ ਦੇ ਅੰਬਾਰ ।
ਜਨਤਾ ਭੁਖੀ ਮਰ ਰਹੀ ਐਸ਼ ਕਰਨ ਸਰਦਾਰ ।
ਉਜੜੇ ਮੁੜ ਮੁੜ ਉਜੜੇ ਵਸਦਿਆਂ ਨੂੰ ਘਰਬਾਰ ।
ਤਪਤ ਕੜਾਹਾ ਮੰਨਿਆ ਦਿਤਾ ਸੀ ਤੂੰ ਠਾਰ ।
ਮੈਂ ਮੇਰੀ ਵਿਚ ਸੜ ਰਿਹਾ ਅਜ ਸਾਰਾ ਸੰਸਾਰ ।
ਗਰਕਣ ਉਤੇ ਆ ਗਿਆ ਬਾਬਾ ਇਹ ਸੰਸਾਰ ।
ਬੈਠੇ ਤਾਂਘਾਂ ਤਰੀਆਂ ਵਿਚ "ਤਾਂਘੀ" ਸਭ ਨਰ ਨਾਰ ।
ਜਗਤ ਜਲੰਦਾ ਰਖ ਲੈ ਅਪਣੀ ਕਿਰਪਾ ਧਾਰ ।
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰ ।

ਜਦੋਂ ਪਰਮਾਤਮਾ ਨੇ ਹੀ **'ਸਿਰਜੇ ਦਾਨੋ ਦੇਵਤੇ'** ਅਨੁਸਾਰ ਰਾਕਸ਼ ਅਤੇ ਦੇਵਤੇ ਦੋਵੇਂ ਤਰ੍ਹਾਂ ਦੀ ਮਨੁਖ ਬਣਾਏ ਹਨ ਤਾਂ ਇਨ੍ਹਾਂ ਦਾ ਆਪਸ ਵਿਚ ਝਗੜਾ ਅਥਵਾ ਜੁੱਧ ਹੁੰਦਾ ਹੀ ਰਹਿਣਾ ਹੈ । ਦੇਵਤਿਆਂ ਨੂੰ ਦੈਂਤਾਂ ਦਾ ਡਰ ਹਮੇਸ਼ਾ ਬਣਿਆ ਹੀ ਰਹਿਣਾ ਹੈ । ਦੇਵਤਿਆਂ ਦੀ ਰਖਿਆ ਵਾਸਤੇ ਗੁਰੂ ਅਵਤਾਰ ਦੀ ਲੋੜ ਹਮੇਸ਼ਾ ਹੀ ਰਹਿਣੀ ਹੈ

ਦੂਜੇ ਪਾਸੇ ਜਿਨ੍ਹਾ ਚਿਰ ਸ੍ਰਿਸ਼ਟੀ ਵਿਚ ਜੀਵਾਂ ਦਾ ਆਉਣ ਜਾਣਾ ਬਣਿਆ ਰਹੇਗਾ ਉਨ੍ਹਾਂ ਦੀ ਰਹਿਬਰੀ ਵਾਸਤੇ ਉਨ੍ਹਾਂ ਚਿਰ ਹੀ ਗੁਰੂ ਦੀ ਲੋੜ ਰਹੇਗੀ ਜਾਂ ਸਿੱਧਾ ਕਹਿ ਲਉ ਕਿ ਗੁਰੂ ਦੀ ਲੋੜ ਹਮੇਸ਼ਾ ਹੀ ਹੈ ਸਾਡੀਆਂ ਦਲੀਲਾਂ ਤਾਂ ਸਭ ਐਵੇਂ ਹੀ ਹਨ, ਜਦੋਂ ਕਿ ਜਨਮਸਾਖੀ ਵਿਚ ਇਸ ਤਰਾਂ ਲਿਖਿਆ ਹੈ

**"ਸਾਰਾ ਕਲਿਜੁਗ ਭੋਗਸੀ ਨਾਨਕ ਪਰਅਵਤਾਰ"**

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ **ਦੇਹ ਧਾਰੀ ਗੁਰੂ** ਦੀ ਹਮੇਸ਼ਾ ਲੋੜ ਨੂੰ ਮੁਖ ਰਖ ਕੇ ਨਾਨਕ ਰਾਜ ਸਥਾਪਤ ਕੀਤਾ ਜਿਸ ਤਰ੍ਹਾਂ ਲਿਖਿਆ ਹੈ

## ਨਾਨਕਿ ਰਾਜੁ ਚਲਾਇਆ

ਪਰ ਕਿਹੋ ਜੇਹਾ

## ਸਚੁ ਕੋਟੁ ਸਤਾਣੀ ਨੀਵ ਦੈ

ਭਾਵ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਪੱਕੀ ਨੀਂਹ ਰਖ ਕੇ ਕਿਲ੍ਹਾ ਉਸਾਰਿਆ ਅਤੇ ਇਕ ਸੱਚਾ ਰਾਜ ਚਲਾਇਆ । ਉਹ ਚਾਹੁੰਦੇ ਤਾਂ ਉਸੇ ਸਰੀਰ ਨਾਲ ਸਾਰਾ ਕਲਿਜੁਗ ਭੁਗਤਾ ਦਿੰਦੇ ਪਰ ਮਰਯਾਦਾ ਪੁਰਸ਼ੋਤਮ ਸਤਿਗੁਰੂ ਜੀ ਨੇ ਦੁਨਿਆਵੀ ਮਰਯਾਦਾ ਨੂੰ ਮੁਖ ਰਖਦਿਆਂ ਹੋਇਆਂ ਸਰੀਰ ਬਦਲ ਬਦਲ ਕੇ ਹੀ ਇਸ ਤਖਤ ਤੇ ਸੁਭਾਇਮਾਨ ਹੁੰਦੇ ਰਹੇ । ਇਸ ਤਖਤ ਤੇ ਬੈਠੇ ਹੋਏ ਸਰੀਰ ਵਿਚ ਜੋਤ ਵੀ ਗੁਰੂ ਨਾਨਕ ਵਾਲੀ ਸੀ ਅਤੇ ਜੁਗਤਿ ਮਰਯਾਦਾ ਵੀ ਗੁਰੂ ਨਾਨਕ ਵਾਲੀ ਸੀ

## ਜੋਤ ਓਹਾ ਜੁਗਤਿ ਸਾਇ

## ਸਹਿ ਕਾਇਆ ਫੇਰਿ ਪਲਟੀਐ

ਇਸ ਤਖਤ ਤੇ ਬਹਿਣ ਵਾਲੇ ਸਰੀਰ ਦੀ ਪਹਿਲੋਂ ਪਰਖ ਲਈ ਜਾਂਦੀ ਹੈ ਅਤੇ ਉਸ ਪਰਖ ਵਿਚੋਂ ਪੂਰਾ ਉਤਰਨ ਵਾਲਾ ਸਰੀਰ ਹੀ ਇਸ ਤੇ ਸੁਭਾਇਮਾਨ ਹੁੰਦਾ ਹੈ

## ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ

ਇਥੇ ਕਿਸੇ ਦਾ ਲਿਹਾਜ਼ ਨਹੀਂ, ਨ ਹੀ ਕੋਈ ਰਿਸ਼ਵਤ ਕੰਮ ਕਰਦੀ ਹੈ ਅਤੇ ਨ ਹੀ ਕੋਈ ਸਫਾਰਸ਼ ਚਲਦੀ ਹੈ, ਕਿਸੇ ਰਿਸ਼ਤੇਦਾਰੀ ਦੀ ਪਰਵਾਹ ਨਹੀਂ ਭਾਵੇਂ ਪੁਤਰ ਹੋਵੇ ਭਾਵੇਂ ਜਵਾਈ

## ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਅਪਣੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵਿਚ ਰਖਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ( ਭਾਈ ਲਹਿਣਾ ਜੀ ) ਦੀਆਂ ਕਈ ਗੁਪਤ ਪਰਗਟ ਪ੍ਰੀਖਿਆਂ ਲਈਆਂ ਸਨ । ਹਰ ਵਾਰ ਉਨ੍ਹਾਂ ਦੀ ਕਿਰਪਾ ਨਾਲ ਭਾਈ ਲਹਿਣਾ ਜੀ ਪੂਰੇ ਉਤਰਦੇ ਰਹੇ । ਨਮੂਨੇ ਮਾਤਰ ਕੁਝ ਕੁ ਪ੍ਰੀਖਿਆਵਾਂ ਦਰਜ ਕਰਦਾ ਹਾਂ

ਇਕ ਦਿਨ ਰਾਤ ਦੇ ਸਮੇਂ ਬਹੁਤ ਬਾਰਸ਼ ਹੋਣ ਕਾਰਣ ਕੰਧ ਢਹਿ ਗਈ ਸੀ ਇਸ ਦਾ ਪਤਾ ਸਿਰਫ਼ ਭਾਈ ਲਹਿਣਾ ਜੀ ਨੂੰ ਲੱਗਾ । ਭਾਈ ਲਹਿਣਾ ਜੀ ਨੇ

ਨੇ ਬਥੇਰਾ ਰੌਲਾ ਪਾਣ ਅਤੇ ਬਿਨਾ ਕਿਸੇ ਨੂੰ ਸੱਦਣ ਤੇ ਆਪ ਹੀ ਆਪਣਾ ਸਿਰ ਛਤੀਰ ਥੱਲੇ ਦੇ ਦਿੱਤਾ ਤਾਂ ਜੋ ਗੁਰੂ ਜੀ ਦੀ ਬੇ ਆਰਾਮੀ ਨ ਹੋਵੇ । ਅੰਤਰਜਾਮੀ ਸ੍ਰੀ ਗੁਰੂ ਨਾਨਕ ਜੀ ਨੇ ਜਦੋਂ ਵੇਖਿਆ ਤਾਂ ਬੜੀਆਂ ਖੁਸੀਆਂ ਬਖਸ਼ੀਆਂ

ਇਸੇ ਤਰਾਂ ਫਿਰ ਇਕ ਰਾਤ ਤੇਜ਼ ਬਾਰਸ਼ ਹੋਣ ਕਾਰਣ ਇਕ ਕੰਧ ਢਹਿ ਢੇਰੀ ਹੋ ਗਈ । ਗੁਰੂ ਜੀ ਨੇ ਹੁਕਮ ਕੀਤਾ ਕਿ ਇਹ ਕੰਧ ਹੁਣੇ ਹੀ ਉਸਾਰੀ ਜਾਏ । ਪੁੱਤਰਾਂ ਅਤੇ ਦੂਜੇ ਸਾਰਿਆਂ ਸਿਖਾਂ ਨੇ "ਮੀਂਹ ਵਰ ਰਿਹਾ ਹੈ" ਕਹਿਕੇ ਟਾਲ ਦਿੱਤਾ ਪਰ ਭਾਈ ਲਹਿਣਾ ਜੀ ਨੇ ਉਸੇ ਵਕਤ ਟੋਕਰੀ ਅਤੇ ਕਹੀ ਫੜਕੇ ਗਾਰੇ ਦੀ ਕੰਧ ਉਸਾਰਨੀ ਸ਼ੁਰੂ ਕਰ ਦਿੱਤੀ । ਭਾਈ ਲਹਿਣਾ ਜੀ ਨੇ ਗੁਰੂ ਜੀ ਦੇ ਕਹਿਣ ਅਨੁਸਾਰ ਵਿੰਗੀ ਹੋਣ ਕਾਰਣ ਕੰਧ ਦਾ ਉਹ ਟੋਟਾ ਤਿੰਨ ਵਾਰੀ ਢਾਹ ਕੇ ਉਸਾਰਿਆ । ਗੁਰੂ ਜੀ ਤੇ ਕੋਈ ਗਿਲਾਨੀ ਨਹੀਂ ਕੀਤੀ ਸਗੋਂ ਇਸ ਤਰਾਂ ਦੀ ਹੀ ਬੇਨਤੀ ਕਰਦੇ **'ਹਮ ਭੂਲਿ ਵਿਗਾੜਹ'** । "ਸੇਵਕ ਨੇ ਸੇਵਾ ਹੀ ਕਰਨੀ ਹੈ" ਸਮਝ ਕੇ ਨ ਅੱਕੇ ਨ ਥੱਕੇ

ਇਕ ਰਾਤ ਨੂੰ ਗੁਰੂ ਜੀ ਨੇ ਅਪਣੇ ਪੁੱਤਰ ਸ੍ਰੀ ਚੰਦ ਜੀ ਨੂੰ ਆਖਿਆ ਕਿ ਦਿਨ ਚੜ੍ਹ ਗਿਆ ਹੈ ਮੇਰੇ ਕਪੜੇ ਧੋ ਲਿਆਓ । ਪੁੱਤਰ ਸ੍ਰੀ ਚੰਦ ਨੇ ਕ੍ਰੋਧ ਨਾਲ ਆਖਿਆ ਕਿ ਬੁਢੇਪੇ ਕਾਰਣ ਤੁਹਾਡੀ ਮਤ ਮਾਰੀ ਗਈ ਹੈ ਜੋ ਅੱਧੀ ਰਾਤ ਵੇਲੇ ਇਹ ਆਖਦੇ ਹੋ ਕਿ ਦਿਨ ਚੜ੍ਹ ਗਿਆ ਹੈ । ਬਾਬੇ ਬੁਢੇ ਜੀ ਅਤੇ ਦੂਜੇ ਸਿਖਾਂ ਨੇ ਵੀ ਆਖਿਆ ਕਿ ਗੁਰੂ ਜੀ ਹਾਲੀ ਅੱਧੀ ਰਾਤ ਹੈ ਦਿਨ ਚੜ੍ਹੇ ਕਪੜੇ ਧੁਪ ਜਾਣਗੇ । ਭਾਈ ਲਹਿਣਾ ਜੀ ਚੁਪ ਕਰਕੇ ਗੁਰੂ ਜੀ ਦੇ ਬਸਤ੍ਰ ਲੈ ਕੇ ਦਰਿਆ ਵਲ ਤੁਰ ਪਏ । ਖੇਡ ਗੁਰੂ ਜੀ ਦੀ, ਭਾਈ ਲਹਿਣਾ ਜੀ ਨੂੰ ਸਚਮੁਚ ਹੀ ਦਿਨ ਚੜ੍ਹਿਆ ਪਰਤੀਤ ਹੋਇਆ । ਸਾਬਣ ਨਾਲ ਬਸਤ੍ਰ ਧੋ ਕੇ, ਸੁਕਾ ਕੇ ਅਤੇ ਫਿਰ ਜੋੜ ਕੇ ਗੁਰੂ ਜੀ ਅੱਗੇ ਲਿਆ ਰਖੇ । ਗੁਰੂ ਜੀ ਨੇ ਖੁਸ਼ ਹੋ ਕੇ ਆਖਿਆ ਭਾਈ ਲਹਿਣਾ ਤੂੰ ਧੰਨ ਹੈਂ ।

ਇਸੇ ਤਰਾਂ ਇਕ ਵੇਰਾਂ ਇਕ ਅਰਥੀ ਕਟੋਰਾ ਲੈ ਕੇ ਖੂਹ ਤੇ ਇਸ਼ਨਾਨ ਕਰਨ ਗਏ । ਉਥੇ ਦੋਵੇਂ ਪੁੱਤਰ ਅਤੇ ਕਈ ਸਿਖ ਪਹੁੰਚੇ ਹੋਏ ਸਨ । ਸਤਿਗੁਰੂ ਜੀ ਨੇ ਜਾਣ ਬੁਝ ਕੇ ਕਟੋਰਾ ਚਿਕੜ ਭਰੇ ਛੱਪੜ ਵਿਚ ਸੁੱਟ ਦਿੱਤਾ । ਪੁੱਤਰਾਂ ਨੂੰ ਆਖਿਆ ਕਿ ਕਟੋਰਾ ਕੱਢ ਲਿਆਓ । ਪੁੱਤਰਾਂ ਨੇ ਟਾਲ ਮਟੋਲਾ ਕਰ ਦਿੱਤਾ । ਭਾਈ ਲਹਿਣਾ ਜੀ ਨੇ ਬਿਨਾ ਹੁਕਮ ਮਿਲਣ ਤੋਂ ਹੀ ਝਟ ਛੱਪੜ ਵਿਚ ਛਾਲ ਮਾਰ ਕੇ ਕਟੋਰਾ ਕਢ ਲਿਆਂਦਾ । ਕਟੋਰਾ ਮਾਂਝ ਕੇ ਪਾਣੀ ਨਾਲ ਚੰਗੀ ਧੋ ਕੇ ਗੁਰੂ ਜੀ ਨੂੰ ਫੜਾ ਦਿੱਤਾ ਅਤੇ ਫਿਰ ਆਪ ਕਪੜੇ ਧੋਣ ਅਤੇ ਇਸ਼ਨਾਨ ਕਰਨ ਵਾਸਤੇ ਚਲੇ ਗਏ

ਇਸ ਤਰਾਂ ਸਤਿਗੁਰੂ ਨਾਨਕ ਦੇਵ ਜੀ ਕਈ ਕੌਤਕ ਕਰਦੇ ਅਤੇ ਉਨ੍ਹਾਂ ਦੀ ਕਿਰਪਾ ਨਾਲ ਹੀ ਭਾਈ ਲਹਿਣਾ ਜੀ ਪੂਰੇ ਉਤਰਦੇ ਰਹੇ

ਇਕ ਵੇਰ ਬੜਾ ਭਿਆਨਕ ਸਾਂਗ ਵਰਤਾਇਆ । ਪਾਟੇ
ਪੁਰਾਣੇ ਕਪੜੇ ਪਾ ਲਏ ਪੰਜਸਤ ਕੁੱਤੇ ਰਸੀਆਂ ਪਾ ਕੇ ਫੜ ਲਏ । ਹਥ ਵਿਚ
ਇਕ ਲੰਮਾ ਸੋਟਾ ਫੜ ਲਿਆ ਅਤੇ ਕਰੋਧੀ ਚਿਹਰਾ ਬਣਾ ਕੇ, ਅੱਖਾਂ ਲਾਲ ਸੂਹੀਆਂ
ਕਰ ਪਿੰਡੋਂ ਬਾਹਰ ਨੂੰ ਤੁਰ ਪਏ । ਜਿਹੜਾ ਵੀ ਨਾਲ ਆਉਂਦਾ ਸੋਟੇ ਮਾਰਨ ਲਗ
ਪੈਂਦੇ । ਪੁੱਤਰਾਂ ਅਤੇ ਦੂਜੇ ਸਿਖਾਂ ਨੇ ਸਮਝਿਆ ਕਿ ਬੁਢੇਪੇ ਕਾਰਣ ਗੁਰੂ ਜੀ ਪਾਗਲ
ਹੋ ਗਏ ਹਨ । ਮੁਖੀ ਸਿਖ ਵੀ ਮਾਰ ਖਾ ਕੇ ਪਿਛੇ ਹੱਟ ਗਏ । ਭਾਈ ਲਹਿਣਾ ਜੀ
ਨੂੰ ਵੀ ਕੁੱਟਿਆ ਪਰ ਉਹ ਪਿਛੇ ਨ ਹਟੇ ਸਗੋਂ ਦਿਲ ਵਿਚ ਇਹ ਹੀ ਰਖਿਆ

## ਮੋ ਕਉ ਧਾਲਿ ਜਾਰਿ ਭਾਵੈਂ ਮਾਰਿ ਡਾਰਿ

ਗੁਰੂ ਜੀ ਨੇ ਪੁਛਿਆ ਕਿ ਤੂੰ ਕਿਉਂ ਨਹੀਂ ਵਾਪਸ ਜਾਂਦਾ ? ਅਗੋਂ ਭਾਈ
ਲਹਿਣਾ ਜੀ ਨੇ ਬੜੀ ਅਧੀਨਗੀ ਨਾਲ ਕਹਿਆ ਕਿ ਮੈਂ ਕਿਥੇ ਜਾਵਾਂ ?

## ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ

ਸਤਿਗੁਰੂ ਜੀ ਇਹ ਸੁਣ ਕੇ ਭਾਈ ਜੀ ਨੂੰ ਗਲ ਨਾਲ ਲਾਇਆ । ਸੱਤੇ ਬਲਵੰਡ
ਦੀ ਵਾਰ ਵਿਚ ਲਿਖਿਆ ਹੈ

## ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ
## ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ

ਮੁਨਾਸਬ ਸਮਾਂ ਵਿਚਾਰ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਇਕ ਦਿਨ ਭਰੇ ਦੀਵਾਨ
ਵਿਚ ਆਪਣੇ ਆਸਣ ਤੋਂ ਉਠ ਕੇ ਇਕ ਪਾਸੇ ਹੋ ਗਏ ਅਤੇ ਭਾਈ ਲਹਿਣਾ ਜੀ ਨੂੰ
ਆਪਣੇ ਆਸਣ ਤੇ ਬੈਠਾ ਦਿੱਤਾ । ਸਤਿਗੁਰੂ ਜੀ ਹੁਕਮ ਅਨੁਸਾਰ ਭਾਈ ਬੁਢੇ ਜੀ
ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦਾ ਟਿੱਕਾ ਲਾ ਦਿੱਤਾ ਫਿਰ ਗੁਰੂ ਨਾਨਕ ਦੇਵ
ਜੀ ਨੇ ਥਾਲ ਵਿਚ ਪੰਜ ਪੈਸੇ ਅਤੇ ਇਕ ਨਰੀਏਲ ਰਖ ਕੇ ਭਾਈ ਲਹਿਣਾ ਜੀ ਨੂੰ
ਮਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮਥਾ ਟੇਕਣ ਦਾ ਹੁਕਮ ਦਿੱਤਾ

## ਲਹਣੇ ਧਰਿਓਨੁ ਛਤ੍ਰੁ ਸਿਰਿ
## ਅਸਮਾਨਿ ਕਿਆੜਾ ਛਿਕਿਓਨੁ
## ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸਹਾਇ




# ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ

ਸ੍ਰੀ ਸਤਿਗੁਰੂ ਨਾਨਕ ਦੇਵ ਜੀ

ਸ੍ਰੀ ਸਤਿਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਬਖਸ਼ ਰਹੇ ਹਨ

Sri Satguru Jagjit Singh Ji Elibrary NamdhariElibrary@gmail.com

# ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ



ਸ੍ਰੀ ਸਤਿਗੁਰੂ ਹਰੀ ਸਿੰਘ ਜੀ



ਹਾਜ਼ਰ ਹਜ਼ੂਰ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

THE PRESENT GURU



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

ਹਾਜ਼ਰ ਹਜ਼ੂਰ



Sri Satguru Jagjit Singh Ji Elibrary NamdhariElibrary@gmail.com

# ਮਿਟ ਗਈ ਧੁੰਦ ਹੋਈ ਰੁਸ਼ਨਾਈ

ਗੀਤ

ਮਿਟ ਗਈ ਧੁੰਦ ਹੋਈ ਰੁਸ਼ਨਾਈ ਸਤਿਗੁਰੂ ਨਾਨਕ ਆਇਆ ।
ਧਰਤੀ ਉਤੇ ਵਜੀ ਵਧਾਈ ਸਤਿਗੁਰੂ ਨਾਨਕ ਆਇਆ ।
ਪਾਪ ਕਮਾਵਣ ਸੰਤ ਦੁਖਾਵਨ ਰਾਜੇ ਹੋ ਗਏ ਜਦ ਅਨਿਆਈ ।
ਹਕ ਪਰਾਇਆ ਲੁਟ ਲੁਟ ਖਾਂਦੇ ਦੁਸ਼ਟਾਂ ਨੇ ਸੀ ਰੀਤ ਚਲਾਈ ।
ਧੌਲ ਧਰਮ ਦੀ ਸੁਣ ਦੁਹਾਈ, ਸਤਿਗੁਰੂ ਨਾਨਕ ਆਇਆ ।
ਮਿਟ ਗਈ ਧੁੰਦ ਹੋਈ ਰੁਸ਼ਨਾਈ ਸਤਿਗੁਰੂ ਨਾਨਕ ਆਇਆ ।
ਧਰਤੀ ਉਤੇ ਵਜੀ ਵਧਾਈ ਸਤਿਗੁਰੂ ਨਾਨਕ ਆਇਆ ।
ਲੈ ਬਾਲੇ ਮਰਦਾਨੇ ਨੂੰ ਜਿਸ ਚਕਰ ਜਗ ਤੇ ਲਾਕੇ ।
ਰਾਖਸ਼, ਪਾਪੀ, ਸੰਤ ਬਣਾਏ ਨਾਮ ਦਾ ਜਾਪ ਜਪਾਕੇ ।
ਧਰਮ ਦੀ ਨੀਂਵ ਰਖਾਵਣ ਤਾਂਈਂ ਸਤਿਗੁਰੂ ਨਾਨਕ ਆਇਆ ।
ਮਿਟ ਗਈ ਧੁੰਦ ਹੋਈ ਰੁਸ਼ਨਾਈ ਸਤਿਗੁਰੂ ਨਾਨਕ ਆਇਆ ।
ਧਰਤੀ ਉਤੇ ਵਜੀ ਵਧਾਈ ਸਤਿਗੁਰੂ ਨਾਨਕ ਆਇਆ ।
ਕਹਿੰਦੇ ਮੁਸਲਿਮ ਜੀਹਨੂੰ ਅਸਾਡਾ ਹਿੰਦੂ ਸਿਖ ਈਸਾਈ ।
ਜਿਸਨੇ ਨਾਲ ਰਬਾਬ ਸਭ ਨੂੰ ਪਿਆਰ ਦੀ ਤਾਨ ਸੁਣਾਈ ।
ਅਜ ਆਖੇ ਸਭ ਲੁਕਾਈ ਸਤਿਗੁਰੂ ਨਾਨਕ ਆਇਆ ।
ਮਿਟ ਗਈ ਧੁੰਦ ਹੋਈ ਰੁਸ਼ਨਾਈ ਸਤਿਗੁਰੂ ਨਾਨਕ ਆਇਆ ।
ਧਰਤੀ ਉਤੇ ਵਜੀ ਵਧਾਈ ਸਤਿਗੁਰੂ ਨਾਨਕ ਆਇਆ ।

ਸੰਤ ਜਗਜੀਤ ਸਿੰਘ ਜੀ
"ਆਜ਼ਾਦ"

# ਗੁਰੂ ਨਾਨਕ ਜੀ ਵਿਚ ਸੰਸਾਰ ਆਇਆ

ਮਾਲਕ ਖਲਕ ਦਾ ਦੁਖੀਆਂ ਦਾ ਬਣ ਪਾਲਕ ਨੂਰ ਅਰਸ਼ਾਂ ਤੋਂ ਹੋ ਕੇ ਸਾਕਾਰ ਆਇਆ ।
ਕਤਕ ਪੁੰਨਿਆਂ ਨੂੰ ਸ਼ਕਤ ਬਿਅੰਤ ਲੈ ਕੇ ਮਾਨਸ ਰੂਪ ਖੁਦ ਧਾਰ ਨਿਰੰਕਾਰ ਆਇਆ ।
ਕਵੱਲ ਫੁੱਲ ਵਾਂਗੂ ਮੁਖੜੇ ਖਿੜੇ ਵਾਲਾ ਮਾਤਾ ਤ੍ਰਿਪਤਾ ਦੇ ਘਰ ਅਵਤਾਰ ਆਇਆ ।
ਪਿਤਾ ਕਾਲੂ ਲਈ ਖੁਸ਼ੀਆਂ ਦਾ ਹੜ੍ਹ ਵਗਿਆ ਵਧਾਈ ਦੇਣ ਜਾਂ ਕੁਲੀ ਬਜ਼ਾਰ ਆਇਆ ।
ਧੁੰਧ ਕੂੜ ਦੀ ਜਗ ਤੋਂ ਹਟਣ ਲਗੀ ਨਾਨਕ ਸਚ ਦਾ ਚਾਨਣ ਮੀਨਾਰ ਆਇਆ ।
ਕਣ ਕਣ ਤਲਵੰਡੀ ਦੇ ਬਣੇ ਮੋਤੀ ਲੈ ਕੇ ਜਦ ਪਰਕਾਸ਼ ਕਰਤਾਰ ਆਇਆ ।
ਬਾਲ ਪਨ ਦੇ ਵੇਖ ਅਨੇਕ ਕੌਤਕ ਚਰਨ ਚੁੰਮਣ ਲਈ ਰਾਇ ਬੁਲਾਰ ਆਇਆ ।
ਲੈ ਕੇ ਵੀਹ ਰੁਪਏ ਜੋ ਪਿਓ ਪਾਸੋਂ ਸਚੇ ਸੌਦੇ ਦਾ ਦਸਨ ਵਪਾਰ ਆਇਆ ।
ਭਾਈ ਲਾਲੋ ਦੀ ਸੁਚੀ ਮਿਸਾਲ ਦੇ ਕੇ ਭਾਗੋ ਜਹਿਆਂ ਦਾ ਕਰਨ ਸੁਧਾਰ ਆਇਆ ।
ਨਾਮ ਦਾਨ ਇਸ਼ਨਾਨ ਦ੍ਰਿੜ੍ਹਾਵਣੇ ਦਾ ਨਵਾਂ ਖੰਡਾਂ 'ਚ ਦੇਣ ਪਰਚਾਰ ਆਇਆ ।
ਕੌਡੇ, ਸਜਣਾਂ, ਵਲੀ ਕੰਧਾਰੀਆਂ ਦਾ ਸਤਿ ਨਾਮ ਦਸ ਕਰਨ ਉਧਾਰ ਆਇਆ ।
'ਗੁਪਤ' ਪ੍ਰਗਟ ਤਾਰਨ ਲਖਾਂ ਪਾਪੀਆਂ ਨੂੰ ਗੁਰੂ ਨਾਨਕ ਜੀ ਵਿਚ ਸੰਸਾਰ ਆਇਆ ।

ਸੰਤ ਖੁਸ਼ਹਾਲ ਜੀ
"ਗੁਪਤ"

Sri Satguru Jagjit Singh Ji Elibrary NamdhariElibrary@gmail.com

# ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ

ਵਾਲੀ ਅਰਸ਼ਾਂ ਦਾ ਫਰਸ਼ ਤੇ ਉਤਰਿਆ ਜਾਂ ਉਹਦੇ ਦਰਸ਼ਨ ਨੂੰ ਹਰ ਇਨਸਾਨ ਆਇਆ।
ਗਊ ਅਤੇ ਗ਼ਰੀਬ ਦੀ ਰਖਯਾ ਲਈ ਸਾਰੇ ਵਿਸ਼ਵ ਦੀ ਕਰਨ ਕਲਿਆਨ ਆਇਆ।
ਆਕੇ ਮਾਤਾ ਤ੍ਰਿਪਤਾ ਨੂ ਤ੍ਰਿਪਤ ਕੀਤਾ ਪਿਤਾ ਕਾਲੂ ਦਾ ਮਾਨ ਵਧਾਨ ਆਇਆ।
ਜਿਸ ਨੂੰ ਰਾਏ ਬੁਲਾਰ ਖੁਦਾ ਡਿਠਾ ਬੇਬੇ ਨਾਨਕੀ ਲਈ ਭਗਵਾਨ ਆਇਆ।
ਪਾਮਰ ਕੌਡੇ ਜਹੇ ਬਾਬਰਾਂ ਜਾਬਰਾਂ ਨੂੰ ਮਿਠੀ ਮਧੁਰ ਜਿਹੀ ਬਾਣੀ ਸੁਣਾਨ ਆਇਆ।
ਸਾਂਝੀ ਵਾਲਤਾ ਦਾ ਸੱਦਾ ਦੇਣ ਖਾਤਰ ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਖੇਤ ਉਜੜੇ ਹਰੇ, ਤੇ ਸਰਪ ਛਾਇਆ, ਕਰਕੇ ਬਚਪਨ ਵਿਚ ਕੌਤਕ ਵਿਖਾ ਦਿਤਾ।
ਕਿਤੇ ਬਰਦਾ ਫਰੋਸ਼ੀ ਹਟਾਨ ਖਾਤਰ ਆਪਣੇ ਆਪ ਨੂੰ ਮੁਲ ਵਿਕਾ ਦਿਤਾ।
ਰੇਤ ਅਕ ਖਾਕੇ ਅਪਣੇ ਸੌਣ ਦੇ ਲਈ ਕਿਤੇ ਰੋੜਾਂ ਦਾ ਫਰਸ਼ ਵਿਛਾ ਦਿਤਾ।
ਸਾਹ ਦੁਖੀਆਂ ਦੇ ਸਾਹਾਂ ਦੇ ਨਾਲ ਲੈਕੇ ਸਾਹ ਉਹਨਾਂ ਦਾ ਸੌਖਾ ਬਣਾ ਦਿਤਾ।
ਦਸਾਂ ਨੌਹਾਂ ਦੀ ਕਿਰਤ ਤੇ ਵੰਡ ਛਕਣਾ ਸਜਣ ਠਗ ਨੂੰ ਬੰਦਾ ਬਣਾਨ ਆਇਆ।
ਸਿਧੱ ਪਰਬਤਾਂ ਦੇ ਸਾਰੇ ਸਿਧ ਕੀਤੇ ਸਾਂਝਾ ਸਭਦਾ ਸ਼ਾਹ ਸੁਲਤਾਨ ਆਇਆ।

ਪੰਡਤ ਕਾਸ਼ੀ ਦਾ ਮੱਕੇ ਦਾ ਬਣ ਹਾਜੀ ਵੈਦ ਰੋਗੀਆਂ ਲਈ ਅਕਸੀਰ ਸੀ ਉਹ।
ਜੋਗੀ ਜੋਗੀਆਂ ਚੋਂ ਭੋਗੀ ਭੋਗੀਆਂ ਚੋਂ ਵੇਖਣ ਵਾਲੇ ਲਈ ਸੋਹਣੀ ਤਸਵੀਰ ਸੀ ਉਹ।
ਚੇਹਰਾ ਗੋਲ ਤੇ ਸੋਹਣੀ ਦਸਤਾਰ ਸਿਧੀ ਅਪਣੀ ਮਸਤੀ ਦੇ ਵਿਚ ਗੰਭੀਰ ਸੀ ਉਹ।
ਸਿਧਾਂ ਨਾਲ ਕਰਕੇ ਗੋਸ਼ਟ ਦਸ ਦਿਤਾ ਪੰਜਾਂ ਤਤਾਂ ਤੋਂ ਵਖ ਫਕੀਰ ਸੀ ਉਹ।
ਉਹ ਅਕਾਲ ਦਾ ਰੂਪ ਸੀ ਗੁਰੂ ਸਚਾ ਸਿਰਜਨ ਹਾਰ ਦਾ ਲੈ ਫੁਰਮਾਨ ਆਇਆ।
ਸਤਿਕਰਤਾਰ ਸਤਿਨਾਮ ਜਪਾਨ ਦੇ ਲਈ ਸਾਂਝਾ ਸਭਦਾ ਸ਼ਾਹ ਸੁਲਤਾਨ ਆਇਆ।

ਸਤਿਜੁਗ ਤ੍ਰੇਤੇ ਦੁਆਪਰ ਵਿਚ ਔਣ ਵਾਲਾ ਫੇਰ ਕਲਜੁਗ ਵਿਚ ਧਾਰ ਅਵਤਾਰ ਆਇਆ।
ਤੋੜਨ ਲਈ ਹੰਕਾਰ ਹੰਕਾਰੀਆਂ ਦਾ ਲਾਲੋ ਜਹਿਆਂ ਲਈ ਕਰਨ ਪਿਆਰ ਆਇਆ।
ਕਲੂ ਕਾਲ ਦੇ ਜੀਵਾਂ ਨੂੰ ਨਾਮ ਦੇਕੇ ਤਾਰਨ ਲਈ ਉਹ ਸਾਰਾ ਸੰਸਾਰ ਆਇਆ।
ਅੰਗ ਲਾਕੇ ਲਹਿਣੇ ਨੂੰ ਕਰ ਅੰਗਦ ਹਰ ਆਜਿਜ਼ ਦਾ ਉਹ ਗਮਖਾਰ ਆਇਆ।
ਵੇਖ ਜਿਸਦਾ ਪਿਆਰ ਪ੍ਰਚਾਰ ਸਚਾ ਸਿਖਯਾ ਲੈਣ ਖਾਤਰ ਹਿੰਦੂ ਮੁਸਲਮਾਨ ਆਇਆ।
ਡੰਕਾ ਸਾਰੇ ਜਹਾਨ ਤੇ ਵਜ ਗਇਆ ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਗਿਆਨੀ ਸੋਪਾਨ ਸਿੰਘ ਜੀ

# ਧਾਰ ਅਵਤਾਰ ਆਏ

ਚੰਨ ਪੁੰਨਿਆਂ ਦਾ ਆਇਆ ਧਰਤ ਉਤੇ, ਲੋਕੀ ਚਲਕੇ ਕਰਨ ਦੀਦਾਰ ਆਏ।
ਕਾਲੂ ਤ੍ਰਿਪਤਾ ਨੂੰ ਵਧਾਈਆਂ ਦੇਣ ਖਾਤਰ, ਇਕੱਠੇ ਹੋ ਕੇ ਸਭ ਨਰ ਨਾਰ ਆਏ
ਰਾਇ ਭੋਇ ਦੀ ਤਲਵੰਡੀ ਨੂੰ ਭਾਗ ਲਾਉਣ, ਖੁਦ ਚਲਕੇ ਆਪ ਦਾਤਾਰ ਆਏ।
ਝੂਠ ਪਾਪ ਨੂੰ ਕੱਢਕੇ ਜੱਗ ਵਿਚੋਂ, ਸੱਚ ਧਰਮ ਦਾ ਕਰਨ ਪ੍ਰਚਾਰ ਆਏ।
ਸਜਣ ਠਗ ਨੂੰ ਪਾਪ ਤੋਂ ਮੋੜਨੇ ਲਈ, ਕੌਡੇ ਰਾਖਸ਼ ਦਾ ਕਰਨ ਉਧਾਰ ਆਏ।
ਪੰਜਾ ਲਾਇਕੇ ਰੋਕਿਆ ਪਹਾੜ ਤਾਂਈ, ਚਰਨੀਂ ਡਿਗਿਆ ਵਲੀ ਕੰਧਾਰ ਆਏ।
ਮਾਸ ਰਿੰਨ੍ਹਿਆਂ ਕੁਰਖੇਤ੍ਰ ਜਾ ਕਰਕੇ, ਪੰਡਤ ਕਰਦੇ ਸਨ ਹਾਹਾਕਾਰ ਆਏ।
ਕੱਢ ਤੌੜੀ ਚੋਂ ਖੀਰ ਵਰਤਾ ਦਿਤੀ, ਕਪਟੀ ਪੰਡਤਾਂ ਨੂੰ ਸੋਧਣਹਾਰ ਆਏ।
ਦਸਾਂ ਨਹੁੰਆਂ ਦੀ ਕਿਰਤ ਨੂੰ ਦੱਸ ਉਚਾ, ਕਰਨ ਗ਼ਰੀਬਾਂ ਦੇ ਨਾਲ ਪਿਆਰ ਆਏ।
ਰੋਟੀ ਲਾਲੋ ਦੀ ਖਾਕੇ ਕੋਧਰੇ, ਦੀ ਮਲਕ ਭਾਗੋ ਦੇ ਪੂੜੇ ਦੁਰਕਾਰ ਆਏ।
ਗੁਰਮੇਲ ਸਿੰਘ ਜਿਹੇ ਨਿਮਾਣੇ ਪਾਪੀਆਂ ਨੂੰ, ਤਾਰਨ ਵਾਸਤੇ ਤਾਰਨਹਾਰ ਆਏ।
ਕੱਤਕ ਪੁੰਨਿਆਂ ਨੂੰ ਭਾਗ ਲਾਉਣ ਖਾਤਰ, ਗੁਰੂ ਨਾਨਕ ਜੀ ਧਾਰ ਅਵਤਾਰ ਆਏ।

ਸੰਤ ਗੁਰਮੇਲ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

DATE

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ



His Holiness Sri Satguru Jagjit Singh ji

# ਵਲੀਆਂ ਦਾ ਵਲੀ

ਸੰਤ ਪਰਮਜੀਤ ਸਿੰਘ "ਰਾਜ"

ਜਜਮਾਨ ਹੁਣ ਕਿਧਰੇ ਕੁ ਜਾਕੇ ਕਿਤੇ ਬੈਠਣਾ ਜੇ, ਮੈਨੂੰ ਤ੍ਰੇਹ ਬੜੀ ਲਗ ਰਹੀ ਹੈ-ਕਿਤੋਂ ਪਾਣੀ ਦਾ ਘੁਟ ਤੇ ਪਿਆਲਉ ਫਿਰ ਜਿਨਾਂ ਚਿਰ ਆਖੋਗੇ ਤੁਰੀ ਚਲਾਂਗਾ।

ਪਹਾੜੀ ਇਲਾਕੇ ਦਾ ਰਟਨ ਕਰਦਿਆਂ ਇਕ ਥਾਂ ਮਰਦਾਨੇ ਨੇ ਗੁਰੂ ਨਾਨਕ ਨੂੰ ਬਾਲੇ ਨਾਲੋਂ ਅਗਾਂਹ ਹੋਕੇ ਬੜੀ ਬੇਸਬਰੀ ਨਾਲ ਆਖਿਆ—ਮਰਦਾਨਿਆਂ! ਕੀ ਗਲ ਹੈ ਕਿਤੇ ਥਕ ਤਾਂ ਨਹੀਂ ਗਿਆ, ਗੁਰੂ ਜੀ ਨੇ ਮੁਸਕਰਾਉਂਦਿਆਂ ਮਰਦਾਨੇ ਤੋਂ ਪੁਛਿਆ।

ਮਰਦਾਨਾ—ਗੁਰੂ ਜੀ ਮੈਂ ਥਕ ਵੀ ਜਾਵਾਂਗਾ ਤਾਂ ਤੁਸਾਂ ਕਿਹੜਾ ਕਿਤੇ ਖਹਿਣਾ ਹੈ। ਉਂਞ ਤ੍ਰੇਹ ਨਾਲ ਹੁਣ ਤੁਰਨਾ ਮੁਸ਼ਕਲ ਹੋ ਰਿਹਾ ਹੈ।

ਗੁਰੂ ਜੀ—ਬਾਲਿਆ ਅਜ ਮਰਦਾਨੇ ਨੂੰ ਇਹਦੇ ਇਕ ਮੋਮਨ ਭਰਾ ਕੋਲੋਂ ਪਾਣੀ ਪਿਆਲਣਾ ਹੈ।

ਮਰਦਾਨਾ—ਤੁਹਾਨੂੰ ਕੀ ਪਤਾ ਹੈ। ਪਾਣੀ ਦੇ ਥਾਂ ਕਿਤੋਂ ਦੰਗਾ ਠਾਪਾ ਹੀ ਕਰਵਾਓ?

ਗੁਰੂ ਜੀ—ਬਾਲਿਆ ਹੁਣ ਮਰਦਾਨੇ ਨੂੰ ਥਾਂ ਕੁਥਾਂ ਜਾਣ ਕਰਕੇ ਸਾਰੀਆਂ ਗਲਾਂ ਦਾ ਪਤਾ ਲਗ ਗਿਆ ਪ੍ਰਤੀਤ ਹੁੰਦਾ ਹੈ।

ਬਾਲਾ—ਬਾਬਾ ਜੀ ਏਥੇ ਕੁਝ ਥਾਂ ਪਧਰਾ ਹੈ ਪਹਾੜੀ ਦੇ ਗੋਛੇ ਵਿਚ ਠੰਢੇ ਥਾਂ ਬਹਿਕੇ ਵਿਚਾਰੇ ਨੂੰ ਦਮ ਦਵਾ ਲੌ ਤੇ ਨਾਲੇ ਕਿਤਿਓਂ ਪਾਣੀ ਪਿਲਾ ਲਵੇ ਸੂ। ਥੋੜੇ ਵਿਚਾਰਾ ਕਿਨਾ ਕੁ ਔਖਾ ਏ।

ਪੀਰ ਜੀ ਸਲਾਮਾ ਲੈਕਮ-

ਗੁਰੂ ਜੀ ਦੇ ਆਖਣ ਤੇ ਮਰਦਾਨਾ ਇਕ ਉਚੀ ਸਾਰੀ ਠੇਰੀ ਦੀ ਟੀਸੀ ਤੇ ਬੜੀ ਮੁਸ਼ਕਲ ਨਾਲ ਪਹੁੰਚਕੇ ਉਥੇ ਇਕ ਕੁਟੀਆ ਵਿਚ ਬੈਠੇ ਬਜੁਰਗ ਫਕੀਰ ਨੂੰ ਅਪਣੇ ਵਲੋਂ ਬੜਾ ਮੂੰਹ ਸਵਾਰਕੇ ਆਖਿਆ। ਆ ਭਈ ਬੰਦੇਖੁਦਾ ਦੇ ਸਲਾਮ ਕੀ ਆਖਦਾ ਹੈਂ? ਪੀਰ ਨੇ ਧੀਮੀ ਜਿਹੀ ਅਵਾਜ਼ ਨਾਲ ਮਰਦਾਨੇ ਨਾਲ ਗਲ ਕੀਤੀ।

ਮਰਦਾਨਾ—ਹਜਰਤ ਵਲੀ ਮੈਨੂੰ ਬੜੀ ਪਿਆਸ ਲਗੀ ਹੋਈ ਹੈ ਤਹਾਡੇ ਕੋਲ ਪਾਣੀ ਦੀ ਦਸ ਪੈਂਦੀ ਹੈ ਮੈਨੂੰ ਪਾਣੀ ਪਿਲਾਓ।

ਪੀਰ—ਤੈਨੂੰ ਏਥੇ ਪਾਣੀ ਦੀ ਦਸ ਕਿਨ ਪਾਈ ਹੈ ਓਇ ਬੁਢਿਆ?

ਮਰਦਾਨਾ—ਪੀਰ ਜੀ ਅਸੀਂ ਪੰਜਾਬ ਵਲੋਂ ਆਏ ਤਿੰਨ ਦਰਵੇਸ਼ ਹਾਂ ਤੁਸਾਂ ਸ਼ਾਇਦ ਕਿਤੇ ਸੁਣਿਆਂ ਹੀ ਹੋਵੇ ਗੁਰੂ ਨਾਨਕ ਇਸ ਜਮਾਨੇ ਵਿਚ ਖੁਦਾ ਦੇ ਨਾਮ ਵਾਲਾ ਇਕ ਫਕੀਰ ਪੈਦਾ ਹੋਇਆ ਹੈ ਉਸ ਨਾਲ ਇਕ ਸਾਧੂ ਹੋਰ ਹੈ ਤੇ ਇਕ ਮੈਂ ਮਰਾਸੀ ਉਹਦੇ ਨਾਲ ਖੁਦਾ ਕਰੀਮ ਦੀਆਂ ਨਾਅਤਾਂ (ਸ਼ਬਦ) ਗਾਇਆ ਕਰਦਾ ਹਾਂ।

ਪੀਰ—ਓ ਕਾਫਰਾ ਇਸਦਾ ਮਤਲਬ ਇਹ ਹੋਇਆ ਕਿ ਤੂੰ ਕਿਸੇ ਹਿੰਦੂ ਸਾਧ ਨਾਲ ਰਹਿੰਦਾ ਹੈਂ। ਜਾਹ ਚਲਾ ਜਾ ਏਥੋਂ ਤੇਰੇ ਵਰਗੇ ਬੇ ਦੀਨੇ ਆਦਮੀਆਂ ਵਾਸਤੇ ਏਥੇ ਕੋਈ ਪਾਣੀ ਨਹੀਂ, ਤੁਰਦਾ ਹੋ ਏਥੋਂ।

ਗੁਰੂ ਜੀ—ਬਾਲਿਆ ਮਰਦਾਨੇ ਨੂੰ ਪੁਛ ਪਾਣੀ ਪੀਆਇਆ ਹੈ? ਗੁਰੂ ਜੀ ਨੇ ਮਰਦਾਨੇ ਨੂੰ ਉਖੜੀਂ ਪੈਰੀਂ ਔਂਦਿਆਂ ਵੇਖ ਬਾਲੇ ਨੂੰ ਕਹਿਆ।

ਭਾਈ ਬਾਲਾ—ਗੁਰੂ ਜੀ ਜੇ ਮਰਦਾਨੇ ਨੂੰ ਪਾਣੀ ਮਿਲ ਪੈਂਦਾ ਤਾਂ ਇਸ ਨੇ ਖੁਸ਼ੀ ਖੁਸ਼ੀ ਔਣਾ ਸੀ, ਪਰ ਇਹ ਤਾਂ ਪਹਿਲੇ ਤੋਂ ਵੀ ਨਿੰਮੋਝੂਣਾ ਹੋਇਆ ਔਂਦਾ ਹੈ।

ਗੁਰੂ ਜੀ—ਸੁਣਾ ਮਰਦਾਨਿਆਂ ਪਾਣੀ ਪੀ ਆਇਆਂ ਹੈਂ?

ਮਰਦਾਨਾ—ਬਾਬਾ ਜੀ ਜੇ ਤੁਸਾਂ ਪਾਣੀ ਪਿਆਉਣਾ ਹੁੰਦਾ ਤਾਂ ਓਥੇ ਕਿਓਂ ਘਲਦੇ। ਮੈਨੂੰ ਤਾਂ ਤੁਸਾਂ ਹਾਸੇ ਹੀਣਾ ਬਣਾਇਆ ਹੋਇਆ ਹੈ।

ਗੁਰੂ ਜੀ—ਕਿਓਂ ਮਰਦਾਨਿਆਂ ਦਸ ਤਾਂ ਸਹੀ ਗਲ ਕੀ ਹੋਈ ਹੈ?

ਮਰਦਾਨਾ—ਜਜਮਾਨ ਗਲ ਕੀ ਹੋਣੀ ਹੈ, ਉਸਨੂੰ ਤਾਂ ਸ਼ਾਇਦ ਅਪਣੇ ਸਾਹਮਣੇ ਹੋਰ ਕਿਸੇ ਦੀ ਸਿਫਤ ਚੰਗੀ ਹੀ ਨਹੀਂ ਲਗਦੀ ਜਦੋਂ ਮੈਂ ਜਾਕੇ ਪਾਣੀ ਮੰਗਿਆ ਤੇ ਉਸਨੇ ਮੇਰਾ ਥਹੁ ਟਿਕਾਣਾ ਪੁਛਿਆ ਮੈਂ ਜਦ ਉਸ ਨਾਲ ਤੁਹਾਡੇ ਨਾਲ ਏਥੇ ਔਣ ਦੀ ਗਲ ਕੀਤੀ, ਤਾਂ ਉਹ ਤੁਹਾਡਾ ਨਾਮ ਸੁਣਕੇ ਹੀ ਲੋਹੇ ਲਾਖਾ ਹੋਗਿਆ। ਖਬਰੇ ਕਦੋਂ ਦਾ ਔਖਾ ਬੈਠਾ ਸੀ ਉਸ ਪਾਣੀ ਦੇ ਥਾਂ ਮੈਨੂੰ ਝਿੜਕਾਂ ਦਿਤੀਆਂ ਨੇ।

ਗੁਰੂ ਜੀ— ਮਰਦਾਨਿਆਂ ਉਹ ਹੈ ਤਾਂ ਬੜਾ ਬੰਦਗੀ ਵਾਲਾ ਸੀ ਪਰ ਸਾਇਦ ਅਜ ਕਲ ਉਸ ਨੂੰ ਹੰਕਾਰ ਨ ਹੋਗਿਆ ਹੋਵੇ? ਤੂੰ ਇਕ ਵਾਰ ਫੇਰ ਜਾ ਤੇ ਹਲੀਮੀ ਨਾਲ ਉਸ ਨੂੰ ਪਾਣੀ ਪਿਲੌਣ ਵਾਸਤੇ ਆਖੀਂ ਪਾਣੀ ਉਸਦੇ ਪਾਸੋਂ ਹੀ ਮਿਲਣਾ ਹੈ।

ਮਰਦਾਨਾ—ਮੈਂ ਕੀ ਆਖਾਂ ਬਾਬਾ! ਤੇਰੀ ਗਲ ਵੀ ਨਹੀਂ ਮੋੜੀ ਜਾਂਦੀ-ਪਰ ਪਾਣੀ ਦੀ ਆਸ ਮੈਨੂੰ ਓਥੋਂ ਵੀ ਕਾਈ ਨਾ।

ਵਲੀ—ਅੰਦਰੋਂ ਬਾਹਰ ਨਿਕਲਕੇ ਮਰਦਾਨੇ ਨੂੰ ਘੂਰਦਾ ਹੋਇਆ ਕਹਿਣ ਲਗਾ ਓ ਕਾਫਰਾਂ ਦਿਆ ਮਰਾਸੀਆ ਤੂੰ ਫਿਰ ਆਗਿਆ ਹੈਂ।

ਮਰਦਾਨਾ—ਪੀਰ ਜੀ ਖੁਦਾ ਤੁਹਾਨੂੰ ਈਮਾਨ ਬਖਸ਼ੇ ਮੈਨੂੰ ਤ੍ਰੇਹ ਨੇ ਬਹੁਤ ਦੁਖੀ ਕੀਤਾ ਹਈ। ਖੁਦਾ ਦੇ ਵਾਸਤੇ ਉਸ ਸਾਹਮਣੇ ਚਬਰੇ ਵਿਚੋਂ ਦੋ ਘੁਟ ਪਾਣੀ ਪੀ ਲੈਣ ਦੇ, ਮੈਂ ਬੜਾ ਔਖਾ ਹੋਕੇ ਏਥੇ ਅਪੜਿਆ ਹਾਂ।

ਵਲੀ—ਕੜਕ ਕੇ ਓ ਬੇਵਕੂਫਾ ਚਲਾ ਜਾਹ ਏਥੋਂ ਤੇਰੇ ਵਰਗਿਆਂ ਬੇ ਦੀਨਿਆਂ ਵਾਸਤੇ ਪਾਣੀ ਕੋਈ ਨਹੀਂ। ਏਥੇ ਤੂੰ ਆਇਆ ਕੀ ਕਰਨ ਹੈਂ। ਕੀ ਤੇਰੇ ਭਾਣੇ ਮੈਂ ਤੈਨੂੰ ਹੁਣ ਪਾਣੀ ਪਿਆਲ ਦਿਆਂਗਾ। ਜੇ ਤੈਨੂੰ ਖੈਰ ਲੋੜੀਂਦੀ ਹੈ ਤਾਂ ਦੂਰ ਹੋ ਜਾ ਮੇਰੀਆਂ ਅਖਾਂ ਤੋਂ। ਮਰਦਾਨਾਂ ਠਠੰਬਰ ਕੇ ਫਿਰ ਪਿਛਾਹ ਨੂੰ ਪਰਤ ਪਿਆ।

ਗੁਰੂ ਜੀ— ਮਰਦਾਨਿਆ ਸੁਣਾ ਗਲ ਵਲੀ ਦੀ

ਮਰਦਾਨਾ—(ਘਘਿਆਕੇ) ਬਾਬਾ ਇਸ ਜਿੰਦਗੀ ਨਾਲੋਂ ਤਾਂ ਮੌਤ ਭੀ ਖਰੀ ਹੈ ਤੁਹਾਡਾ ਮੌਜ ਮੇਲਾ ਬਣਿਆ ਹੋਇਆਹੈ! ਮੇਰੀ ਜਾਨਤੇ ਬਣੀ ਹੈ! ਜਿਉਂ ਜਿਉਂ ਮੈ ਉਸ ਕੋਲੋਂ ਹਲੀਮੀ ਨਾਲ ਪਾਣੀ ਮੰਗਦਾ ਹਾਂ! ਤਿਉਂ ਤਿਉਂ ਉਹ ਹੋਰ ਕੌੜਾ ਹੁੰਦਾ ਜਾਂਦਾ ਹੈ।

ਗੁਰੂ ਜੀ— ਮਰਦਾਨਾ ਗਰਜ ਮੰਦ ਨੂੰ ਗਰਜ ਪੂਰੀ ਕਰਨ ਵਾਸਤੇ ਕੌੜਾ ਨਹੀਂ ਹੋਣਾ ਚਾਹੀਦਾ ਇਕ ਵਾਰ ਹੋਰ ਜਾਹ। ਮੇਰਾ ਨਾਮ ਲਈਂ ਤੈਨੂੰ ਜਰੂਰ ਪਾਣੀ ਪਿਆਲੇਗਾ

ਮਰਦਾਨਾ—ਬਾਬਾ ਤੇਰੇ ਨਾਮ ਲੈਣ ਤੋਂ ਤਾਂ ਅਗੇ ਉਸਨੂੰ ਵਟ ਚੜਿਆ ਹੋਇਆ ਹੈ। ਪਰ ਚੰਗਾ ਬਾਬਾ ਖਵਰੇ ਦੇਸੇਤਰਾਂ ਹੀ ਜਾਂਦਿਆ ਔਂਦਿਆਂ ਕਿਤੇ ਪ੍ਰਾਣ ਨਿਕਲ ਜਾਣ ਤੇ ਕੰਮ ਮੁਕ ਜਾਵੇ। ਪੀਰ ਜੀ! ਪੀਰ ਜੀ!! ਮੈਨੂੰ ਮੇਰੇ ਮਾਲਿਕ ਨੇ ਫਿਰ ਭੇਜਿਆ ਹੈ। ਵਾਸਤੇ ਰਬ ਦੇ ਦੋ ਘੁਟ

ਮਰਦਾਨਾ—ਪੀਰ ਜੀ ਸਲਾਮ ਏ। ਮਰਦਾਨੇ ਨੇ ਦੂਸਰੀ ਵਾਰੀ ਫਿਰ ਜਾ ਵਲੀ ਕੰਧਾਰੀ ਨੂੰ ਅਵਾਜ ਮਾਰੀ।

ਪਾਣੀ ਪੀਣ ਦੀ ਇਜਾਜਤ ਦੇਹ। ਕੁਝ ਮੇਰੇ ਹਾਲ ਤੇ ਤਰਸ ਕਰ ਮਰਦਾਨੇ ਨੇ ਤੀਸਰੀ ਵਾਰੀ ਫਿਰ ਜਾਕੇ ਖੜਿਆਂ ਔਖਿਆ ਹੋਕੇ ਆਖਿਆ।

ਵਲੀ— ਤੈਨੂੰ ਅਗੇ ਦੋ ਵਾਰੀ ਮੋੜਿਆ ਹੈ ਤੂੰ ਫਿਰ ਘੜੀ ਮੁੜੀ ਆਕੇ ਮੈਨੂੰ ਤੰਗ ਕਰਦਾ ਹੈਂ ਤੇਰੀ ਮਰਜੀ ਕੀ ਹੈ ਚੇਤੇ ਰਖ ਜੇ ਤੂੰ ਬਹੁਤਾ ਤੰਗ ਕੀਤਾ ਤਾਂ ਧਕਾ ਮਾਰਕੇ ਤੈਨੂੰ ਹੇਠਾਂ ਸੁਟ ਦੇਵਾਂਗਾ।

ਮਰਦਾਨਾ— ਵਲੀ ਅਲਾਹ ਮੈਨੂੰ ਇਸ ਵਾਰੀ ਬਾਬੇ ਨਾਨਕ ਨੇ ਭੇਜਿਆਹੈ। ਤੇ ਉਹਨਾਂ ਕਿਹਾ ਸੀ ਉਹ ਤੈਨੂੰ ਹੁਣ ਪਾਣੀ ਜਰੂਰ ਪਿਆ ਦਊ। ਪੀਰਾ ਮੈਨੂੰ ਅਪਣੀ ਤ੍ਰੇਹ ਦਾ ਉਤਨਾ ਖਿਆਲ ਨਹੀਂ ਜਿਤਨਾ ਤੇਰਾ ਤੇ ਤੇਰੇ ਪਾਣੀ ਦਾ। ਕਿਉਂਕਿ ਉਹ ਵੀ ਬੜਾ ਵਲੀ ਅਲਾਹ ਹੈ। ਉਸਣੇ ਅਜ ਤਕ ਕਿਸੇ ਦਾ ਤਕਬਰ ਰਹਿਣ ਨਹੀਂ ਦਿਤਾ

ਮਰਦਾਨੇ ਦੀਆਂ ਇਨਾਂ ਗਲਾਂ ਨੇ ਵਲੀ ਦੀ ਖੁਦੀ ਵਾਲੀ ਅਗ ਉਤੇ ਹੋਰ ਤੇਲ ਪਾ ਦਿਤਾ। ਤੇ ਲਾਲ ਪੀਲਾ ਹੋਕੇ ਆਖਣ ਲਗਾ

ਵਲੀ— ਜੇ ਉਹ ਤੇਰਾ ਪੀਰ ਏਨੀ ਤਾਕਤ ਦਾ ਮਾਲਕ ਹੈ ਤਾਂ ਤੈਨੂੰ ਪਾਣੀ ਓਥੇ ਹੀ ਕਿਉਂ ਨਹੀਂ ਪਿਆਲ ਦੇਂਦਾ ਮੇਰੇ ਕੋਲ ਕੀ ਲੈਣ ਘਲਦਾ ਹੈ। ਉਹ ਪੀਰ ਹੀ ਕਾਹਦਾ ਜੀਹਦਾ ਮਰੀਦ ਪਾਣੀ ਤੋਂ ਤਿਹਾਇਆ ਮਰ ਜਾਏ।

ਦੂਰ ਹੋ ਜਾ ਮੇਰੀਆਂ ਅਖਾਂ ਤੋਂ। ਜਾ ਅਪਣੇ ਪੀਰ ਨੂੰ ਆਖ ਮੈ ਨਹੀ ਪਾਣੀ ਦਿੰਦਾ!

...... ...... ...... ...... ...... ......

ਹੈਂ! ਚਸ਼ਮੇ ਦਾ ਪਾਣੀ ਕਿਥੇ ਗਿਆ ਵਲੀ ਕੰਧਾਰੀ ਅਪਣੇ ਪਾਣੀ ਦੇ ਭਰੇ ਚਸਮੇ ਨੂੰ ਖਾਲੀ ਹੋਇਆ ਵੇਖਕੇ ਬੋਲਿਆ। ਸਚੀ ਮੁਚੀਂ ਉਸ ਮਰਾਸੀ ਦੀ ਗਲ ਸਚੀ ਹੀ ਨਾ ਹੋਵੇ ਇਹ

ਸੋਚਕੇ ਆਪਣੀ ਤਾਕਤ ਨਾਲ ਇਕ ਬਹੁਤ ਵਡੇ ਪਥਰ ਨੂੰ ਉਸ ਪਾਸੇ ਧਕੇਲ ਦਿਤਾ ਜਿਥੇ ਗੁਰੂ ਜੀ ਬੈਠੇ ਹੋਏ ਮਰਦਾਨੇ ਨੂੰ ਚਸਮੇ ਦਾ ਵਗਦਾ ਪਾਣੀ ਪਿਆਲ ਰਹੇ ਸਨ।

ਬਾਬਾ ਜੀ ਮੈ ਮਰ ਗਿਆ। ਔਹ ਵੇਖੋ ਉਪਰੋਂ ਪਹਾੜ ਉਲਟਦਾ ਆ ਰਿਹਾ ਹੈ,ਮਰਦਾਨੇ ਨੇ ਪਾਣੀ ਦਾ ਘੁਟ ਲਘੌਂਦਿਆਂ ਹੋਇਆਂ ਤ੍ਰਬਕ ਕੇ ਆਖਿਆ।

ਗੁਰੂ ਜੀ— ਮਰਦਾਨਿਆ ਤੂੰ ਧਿਆਨ ਨਾਲ ਪਾਣੀ ਪੀ ਤੇ ਕਪੜੇ ਲਾਹ ਕੇ ਨਾ ਤੇ ਥਕੇਵਾਂ ਲਾਹ ਮੇਰੇ ਹੁੰਦਿਆਂ ਤੇਰੇ ਉਤੇ ਕੋਈ ਪਹਾੜ ਨਹੀਂ ਆ ਡਿਗਦਾ। ਏਨਾਂ ਆਖਕੇ ਸਜੇ ਹਥ ਨਾਲ ਰਿੜਦੇ ਆਰਹੇ ਪਥਰ ਨੂੰ ਇੰਵ ਖਲਾਰ ਲਿਆ ਗਿਆ ਜਿਵੇਂ ਕਿਸੇ ਪਹਾੜਦੀ ਠੋਰੀ ਦੀ ਟਕਰ ਲਗ ਜਾਂਦੀ ਹੈ।

ਤਾਹੀ ਦੇ ਖਬਰ ਥੋੜੇ ਚਿਰ ਬਾਦ ਵਲੀ ਕੰਧਾਰੀ ਨੰਗੀ ਪੈਰੀਂ ਖੁਲੇ ਵਾਲੀਂ ਆਗਇਆ ਤੇ ਹਥ ਜੋੜ ਦੂਰੋਂ ਹੀ ਸਲਾਮਾ ਲੇਕੀ ਕਰ ਕੇ ਉਚੀ ਉਚੀ ਕਹਿਣ ਲਗਾ।

ਫਕਰ ਖੁਦਾ ਦੇ ਮੈ ਬੜਾ ਗੁਨਾਹੀ ਹਾਂ ਮੈਨੂੰ ਪਹਿਲਾਂ ਮੁਆਫੀ ਬਖਸ਼ ਮੈ ਕਿਹੜਾ ਮੂੰਹ ਲੈ ਕੇ ਤੇਰੇ ਕੋਲ ਆਵਾਂ ਫਕੀਰ ਸਾਂਈ ਦੇ ਮੇਰੀ ਤਕਸੀਰ ਮੈਨੂੰ ਮੁਆਫ ਕਰ।

ਗੁਰੂ ਜੀ— ਵਲੀ ਕੰਧਾਰੀ! ਅਸੀ ਵੇਖ ਕਿਤਨੀ ਦੂਰੋਂ ਤੇਰੇ ਦੀਦ ਲਈ ਆਏ ਹਾਂ। ਤੈਨੂੰ ਖੁਦਾ ਚਿਤ ਆਵੇ ਫਕੀਰਾਂ ਨੂੰ ਇਤਨਾ ਸਖਤ ਨਹੀ ਹੋਣਾ ਚਾਹੀਦਾ।

ਵਲੀ ਨੂੰ ਕੋਲ ਸਦਕੇ ਬਹਾਲਿਆ ਤੇ ਮਰਦਾਨੇ ਨੂੰ ਆਖਿਆ ਮਰਦਾਨਿਆ ਰਬਾਬ ਵਜਾ।

ਗੁਰੂ ਜੀ ਨੇ ਨਿਰੰਕਾਰੀ ਕੀਰਤਨ ਨਾਲ ਵਲੀ ਕੰਧਾਰੀ ਨੂੰ ਨਿਰਮਾਣ ਕੀਤਾ ਤੇ ਪਥਰ ਵਿਚ ਪੰਜੇ ਦਾ ਨਿਸ਼ਾਨ ਲਾਕੇ ਉਥੋਂ ਅਗੇ ਨੂੰ ਰਮਦੇ ਰਹੇ।

—o— —o— —o—

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com